BEST DEAL TRAVEL INC. WE'LL SHOW YOU THE WORLD
LICENSE # BCCP 79578
SPECIAL FARE TO INDIA
BEST DEAL TRAVEL INC.
#120 13740 72A Ave Surrey BC
YOU CAN CONTACT US AT WHATSAPP ALSO PARDEEP SANDHU
778-895-5422

ROYAL TOUCH HOMES "DREAMS TO REALTY"
-CONTRACTING -CUSTOM HOMES -LICENSED BUILDER -FRAMING
ਲੋਅਰਮੇਨਲੈਂਡ-ਫਰੇਜਰ ਵੈਲੀ ਵਿਚ ਆਪਣਾ ਸੁਪਨਿਆਂ ਦਾ ਘਰ ਬਣਾਉਣ ਲਈ ਸਾਡੇ ਨਾਲ ਸੰਪਰਕ ਕਰੋ
JASVIR S. SANGHA: 778-847-9128 BUILDER

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੁਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN
B.C Greater Vancouver, Fraser Valley, Victoria, Nanaimo, Prince George, Kamloops, Kelowna, Oliver, Squamish
ALBERTA Edmonton, Calgary
ONTARIO Otttawa, Brampton, Toronto
QUEBEC Montreal
USA Greater Seattle, Everett, Marysville, Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 31, Issue No. 14 Ending Date: Apr 05, 2024

IDEAL UPFITTERS ....It's arranged.
BC based Truck and Van Up fitting Company
We provide quality Vans & Specialty Vehicles upfitting that provides custom specialty vehicle upfit services to a wide variety of trades and industries.
* ਸ਼ੈਲਫਾਂ * ਲਾਈਟਿੰਗ
* ਵਾਲ ਲਾਈਨਿੰਗ ਕਿੱਟ & ਫਲੋਰ * ਕੰਪਰੈਸਰਜ
* ਸੇਫਟੀ ਪਾਰਟੀਸ਼ਨ * ਪਾਵਰ ਇਨਵਰਟਰ
* ਡਰਾਅਰ ਸਿਸਟਮ * ਸੀਟ ਕਵਰ
* ਲੈਡਰ ਰੈਕਸ * ਅਸੈਸਰੀ
* ਵਰਕ ਬੈਂਚ * ਕਸਟਮ ਕੈਬਨਿਟਸ
WWW.IDEALUPFITTERS.COM
info@idealupfitters.com
MONDAY TO FRIDAY 9am-5pm SATURDAY By appointments only SUNDAY CLOSED
PH:604-599-0096
#7-12468-82Ave Surrey, BC, V3W 3E9

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ
ਕੰਸਟਰਕਸ਼ਨ ਮੌਰਟਗੇਜ
ਕਮਰਸ਼ੀਅਲ ਲੋਨ
ਪ੍ਰਾਈਵੇਟ ਲੋਨ
• Purchases with 5% Down Payment
• Refinance & Renewals at Best Rates
• Self-employment - Special Programs
• Second Mortgage & Equity Loans (No Income Verification)
• Private financing - Easy Approvals
• Low Income & Bad Credit Financing
Satnam Saroya
Mortgage Specialist
604.760.9172
# 384-8148 128 St, Surrey
(Payal Buss. Centre)

# ਕਤਲ ਸਾਜਿਸ਼ ਚ ਸ਼ਾਮਿਲ ਸਾਬਕਾ ਰਾਅ ਅਧਿਕਾਰੀ ਨੂੰ ਅਮਰੀਕਾ ਨੂੰ ਸੌਂਪੇ ਭਾਰਤ ਸਰਕਾਰ: ਦਲ ਖਾਲਸਾ



ਅੰਮ੍ਰਿਤਸਰ: ਭਾਰਤ ਨੇ ਅਮਰੀਕੀ ਨਾਗਰਿਕ ਅਤੇ ਸਿਖਸ ਫਾਰ ਜਸਟਿਸ ਦੇ ਕਨਵੀਨਰ ਗੁਰਪਤਵੰਤ ਸਿੰਘ ਪੰਨੂ ਨੂੰ ਕਤਲ ਕਰਨ ਦੀ ਨਾਕਾਮ ਸਾਜ਼ਿਸ਼ ਵਿੱਚ ਆਪਣੀ ਭੂਮਿਕਾ ਦੇ ਦੋਸ਼ਾਂ ਤੋਂ ਖੁਦ ਨੂੰ ਬਰੀ ਕਰ ਲਿਆ ਹੈ, ਇਸ ਗੱਲ ਦਾ ਖੁਲਾਸਾ ਕੇਂਦਰ ਵੱਲੋਂ ਬਣਾਈ ਗਈ ਜਾਂਚ ਕਮੇਟੀ ਦੀ ਰਿਪੋਰਟ ਤੋਂ ਹੋਇਆ ਹੈ। ਦਲ ਖਾਲਸਾ ਨੇ ਕੇਂਦਰ ਸਰਕਾਰ ਵੱਲੋਂ ਕੀਤੀ ਗਈ ਜਾਂਚ ਦੇ ਖੁਲਾਸੇ ਨੂੰ ਰੱਦ ਕਰਦਿਆਂ ਕਿਹਾ ਕਿ ਅਸੀਂ ਅਮਰੀਕੀ ਅਧਿਕਾਰੀਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਮਾਮਲੇ ਦੀ ਸੁਤੰਤਰ ਜਾਂਚ ਕਰਵਾਉਣ ਅਤੇ ਭਾਰਤ ਦੀ ਅਖੌਤੀ ਜਾਂਚ 'ਤੇ ਵਿਸ਼ਵਾਸ ਨਾ ਕਰਨ।

ਜ਼ਿਕਰਯੋਗ ਹੈ ਕਿ ਕੇਂਦਰ ਵੱਲੋਂ ਬਣਾਈ ਕਮੇਟੀ ਨੇ ਇਸ ਗੱਲ ਦਾ ਖੁਲਾਸਾ ਕੀਤਾ ਹੈ ਕਿ ਪੰਨੂ ਨੂੰ ਕਤਲ ਕਰਨ ਦੀ ਸਾਜਿਸ਼ ਚ ਭਾਰਤ ਦੀ ਬਾਹਰੀ ਖੁਫੀਆ ਏਜੰਸੀ ਰਾਅ ਦੇ ਕਿਸੇ ਮਜੂਦਾ ਅਧਿਕਾਰੀ ਦਾ ਹੱਥ ਨਹੀਂ ਹੈ । ਪ੍ਰੈਸ ਨੂੰ ਸੰਬੋਧਨ ਕਰਦਿਆਂ ਦਲ ਖ਼ਲਾਸਾ ਆਗੂ ਕੰਵਰਪਾਲ ਸਿੰਘ ਅਤੇ ਪਰਮਜੀਤ ਸਿੰਘ ਟਾਂਡਾ ਨੇ ਕਿਹਾ ਕਿ ਇਹ ਸੋਚਣਾ ਵੀ ਬੇਤੁਕਾ ਹੈ ਕਿ ਭਾਰਤ ਆਪਣੀ ਸਿੱਧੀ ਸ਼ਮੂਲੀਅਤ ਸਵੀਕਾਰ ਕਰੇਗਾ।

ਆਪਣੀ ਰਿਪੋਰਟ ਵਿੱਚ ਮੋਦੀ ਸਰਕਾਰ ਨੇ ਸਵੀਕਾਰ ਕੀਤਾ ਹੈ ਕਿ ਕਥਿਤ ਅਣਅਧਿਕਾਰਤ ਸਾਜ਼ਿਸ਼ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਵਿਅਕਤੀ ਹੁਣ ਇਸਦੀ ਬਾਹਰੀ ਖੁਫੀਆ ਏਜੰਸੀ ਰਾਅ ਲਈ ਕੰਮ ਨਹੀਂ ਕਰ ਰਿਹਾ ਸੀ ਹਾਲਾਂਕਿ ਉਹ ਅਜੇ ਵੀ ਇੱਕ ਸਰਕਾਰੀ ਮੁਲਾਜਮ ਹੈ।ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੱਸੇ ਕਿ ਉਹ ਅਧਿਕਾਰੀ ਕੌਣ ਹਨ ਅਤੇ ਕਦੋਂ ਤੋਂ ਉਹ ਸਰਕਾਰ ਦੇ ਕਾਨੂੰਨ ਤੋਂ ਬਾਹਰ ਜਾਕੇ ਕੰਮ ਕਰਦੇ ਰਹੇ ਅਤੇ ਕੈਨੇਡਾ ਅਤੇ ਅਮਰੀਕਾ ਸਰਕਾਰਾਂ ਦੇ ਪਰਦਾਫਾਸ਼ ਕਰਨ ਤੋਂ ਪਹਿਲਾਂ ਮੋਦੀ ਸਰਕਾਰ ਨੇ ਉੱਹਨਾਂ ਵਿਰੁੱਧ ਕੀ ਕਾਰਵਾਈ ਕੀਤੀ?ਉਨ੍ਹਾਂ ਕਿਹਾ ਕਿ ਜੇਕਰ ਭਾਰਤ ਚਾਹੁੰਦਾ ਹੈ ਕਿ ਵਿਸ਼ਵ ਅਤੇ ਸਿੱਖ ਭਾਈਚਾਰਾ ਉਸ ਦੇ ਸ਼ਬਦਾਂ 'ਤੇ ਭਰੋਸਾ ਕਰੇ ਤਾਂ ਨਵੀਂ ਦਿੱਲੀ ਨੂੰ ਚਾਹੀਦਾ ਹੈ ਕਿ ਉਹ ਉਸ ਸਾਬਕਾ ਰਾਅ ਅਧਿਕਾਰੀ ਨੂੰ ਅਮਰੀਕੀ ਅਦਾਲਤ ਵਿਚ ਅਪਰਾਧਿਕ ਕਾਰਵਾਈ ਲਈ ਅਮਰੀਕੀ ਅਧਿਕਾਰੀਆਂ ਨੂੰ ਸੌਂਪੇ ਅਤੇ ਜੇਕਰ ਅਜਿਹਾ ਨਹੀਂ ਹੁੰਦਾ ਤਾਂ ਗੱਲ ਸਾਫ ਹੈ ਕਿ ਪਿਛਲੇ ਸਾਲ ਮਈ ਤੋਂ ਸਿੱਖਾਂ 'ਤੇ ਹੋ ਰਹੇ ਅੰਤਰਰਾਸ਼ਟਰੀ ਜਬਰ ਵਿਚ ਭਾਰਤ ਦੀ ਸਿੱਧੀ ਸ਼ਮੂਲੀਅਤ ਮੰਨੀ ਜਾਵੇਗੀ।ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਉਨ੍ਹਾਂ ਕਿਹਾ ਕਿ ਭਾਰਤ ਅਤੀਤ 'ਚ ਪਾਕਿਸਤਾਨ ਉੱਤੇ ਦੋਸ਼ ਲਗਾਉਂਦਾ ਰਿਹਾ ਹੈ ਕਿ ਅੱਤਵਾਦੀ ਕਾਰਵਾਈਆਂ ਨੂੰ ਅੰਜਾਮ ਦੇਣ ਲਈ ਪਾਕਿਸਤਾਨ ਆਪਣੇ ਗ਼ੈਰ-ਸਰਕਾਰੀ ਜਹਾਦੀਆਂ ਦਾ ਇਸਤੇਮਾਲ ਕਰਦਾ ਰਿਹਾ ਹੈ ਜਦਕਿ ਹੁਣ ਭਾਰਤ ਖੁਦ ਆਪ ਉਸੇ ਰਾਹ ਤੇ ਤੁਰਿਆ ਹੈ।

# ਸ਼੍ਰੋਮਣੀ ਅਕਾਲੀ ਦਲ ਕੋਰ ਕਮੇਟੀ ਦੇ ਮਤੇ "ਸਾਡੇ ਸਿਧਾਂਤ ਰਾਜਨੀਤੀ ਤੋਂ ਉੱਪਰ ਹਨ" ਦਾ ਸਵਾਗਤ: ਸਰਨਾ

ਨਵੀਂ ਦਿੱਲੀ, (ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਨੇ ਮੁੱਖ ਮੁੱਦਿਆਂ, ਨੀਤੀਆਂ ਅਤੇ ਸਿਧਾਂਤਾਂ ਦੀ ਰੂਪਰੇਖਾ ਤਿਆਰ ਕੀਤੀ ਹੈ ਜੋ ਪਾਰਟੀ ਦੀ ਸਿਆਸੀ ਪਹੁੰਚ ਨੂੰ ਅੱਗੇ ਵਧਾਉਣਗੇ। ਉਨ੍ਹਾਂ ਅੱਗੇ ਕਿਹਾ ਕਿ ਇਹ ਫੈਸਲਾ ਸ਼੍ਰੋਮਣੀ ਅਕਾਲੀ ਦਲ ਦੀ ਆਪਣੀਆਂ ਮੂਲ ਕਦਰਾਂ-ਕੀਮਤਾਂ ਅਤੇ ਤਰਜੀਹਾਂ ਪ੍ਰਤੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦਾ ਹੈ। ਸਰਨਾ ਨੇ ਕਿਹਾ, "ਸ਼੍ਰੋਮਣੀ ਅਕਾਲੀ ਦਲ ਦੀ ਸਿਖਰਲੀ ਲੀਡਰਸ਼ਿਪ ਵੱਲੋਂ ਆਪਣੇ ਮਤੇ ਰਾਹੀਂ ਭੇਜਿਆ ਗਿਆ ਸੰਦੇਸ਼ ਬਹੁਤ ਸਪੱਸ਼ਟ ਹੈ - ਸਾਡੇ ਸਿਧਾਂਤ ਰਾਜਨੀਤੀ ਤੋਂ ਉੱਪਰ ਹਨ।" "ਖਾਲਸਾ ਪੰਥ, ਸਾਰੀਆਂ ਘੱਟ ਗਿਣਤੀਆਂ ਅਤੇ ਹਰ ਪੰਜਾਬੀ ਦੇ ਨੁਮਾਇੰਦੇ ਹੋਣ ਦੇ ਨਾਤੇ, ਅਸੀਂ ਉਹਨਾਂ ਦੇ ਹਿੱਤਾਂ ਦੀ ਰਾਖੀ ਅਤੇ ਭਾਈਚਾਰਕ ਸਾਂਝ ਨੂੰ ਯਕੀਨੀ ਬਣਾਉਣ ਲਈ ਸਮਰਪਿਤ ਹਾਂ।" ਸਰਨਾ ਨੇ ਜ਼ੋਰ ਦੇ ਕੇ ਕਿਹਾ ਕਿ ਰਾਜਾਂ ਲਈ ਵਧੇਰੇ ਸ਼ਕਤੀਆਂ ਅਤੇ ਅਸਲ ਖੁਦਮੁਖਤਿਆਰੀ ਦੀ ਵਕਾਲਤ ਕਰਨ 'ਤੇ ਪਾਰਟੀ ਦਾ ਫੋਕਸ ਲੋਕਾਂ ਦੀਆਂ ਇੱਛਾਵਾਂ ਨੂੰ ਦਰਸਾਉਂਦਾ ਹੈ ਜਿਨ੍ਹਾਂ ਦੀ ਇਹ ਪ੍ਰਤੀਨਿਧਤਾ ਕਰਦੀ ਹੈ। ਉਨ੍ਹਾਂ ਕਿਹਾ, "ਸਾਡੀ ਪਾਰਟੀ ਇਨ੍ਹਾਂ ਬੁਨਿਆਦੀ ਮੁੱਦਿਆਂ 'ਤੇ ਲਗਾਤਾਰ ਡਟ ਕੇ ਖੜ੍ਹੀ ਹੈ, ਅਤੇ ਅਸੀਂ ਇਸ ਨੂੰ ਜਾਰੀ ਰੱਖਾਂਗੇ।"

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
"ਬੈਂਕ ਮੋਰਟਗੇਜ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਜਾਂ ਜੇ ਤੁਹਾਡੇ ਕੋਲ ਪਹਿਲਾਂ ਹੀ ਬੈਂਕ ਮੋਰਟਗੇਜ ਇੰਸ਼ੋਰੈਂਸ ਹੈ ਤਾਂ ਤੁਹਾਨੂੰ ਪਰਸਨਲ ਇੰਸ਼ੋਰੈਂਸ ਲਈ ਜਾਣਾ ਚਾਹੀਦਾ ਹੈ।"
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਡੈਂਟਲ ਤੇ ਮੈਡੀਕਲ ਪਲੈਨ • ਆਰ ਈ ਐਸ ਪੀ, ਆਰ ਆਰ ਐਸ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੋਵਿੰਸ ਤੋਂ ਬਾਹਰ ਕਵਰੇਜ
• ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ਅਸੀ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
Insurance ਸਾਡੇ ਕੋਲ 10, 15, 20 ਸਾਲਾਂ ਦੇ ਗਰੰਟਿਡ ਪਲੈਨ ਹਨ।
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential
Interior & Exterior
Ph:604-897-2526

TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ, ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
ਸੰਤੋਖ ਸਿੰਘ ਸਿੱਧੂ
604-852-2204

TD
Sukhvir Singh Dheria
Manager, Mobile Mortgage Specialist
778-982-0888
sukhvir.dheria@td.com
Easy Mortgage Approvals

We Moved To New Location
27441-FRASER HWY. ALDERGROVE, BC
Universal Auto Collision Ltd.
• ICBC Claims ›› ਆਈ. ਸੀ. ਬੀ. ਕਲੇਮਜ਼
• Private Claims ›› ਪ੍ਰਾਈਵੇਟ ਕਲੇਮਜ਼
• Free Courtesy Cars ›› ਫਰੀ ਕਰਟਸੀ ਕਾਰ
• Auto Glass Replacement ›› ਆਟੋ ਗਲਾਸ ਰਿਪਲੇਸਮੈਂਟ
• Free Estimates ›› ਫਰੀ ਐਸਟੀਮੇਟ
Ph. 604-596-2800
Fax: 604-596-3800
Satisfaction Guarantee

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜ਼ਿਊਲਰਜ਼ ਲਿ:
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

IATA Accredited Agent
SIDHU TRAVEL LTD.
ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਵਾਜਿਬ ਰੇਟ 'ਤੇ ਟਿਕਟਾਂ ਬੁੱਕ ਕਰਵਾਉਣ ਲਈ ਸੰਪਰਕ ਕਰੋ:
Rani Sidhu (Manager)
Ph: 604-504-3400
Email : sidhutravel13@gmail.com
BESTWAY Foreign Exchange Ltd.
www.bestwayforeignexchange.com
Sony Sidhu (Zira)
Ph: 778-246-2500
604-592-2676
Unit 109, 12830-80 Ave York Centre Surrey

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ।ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

ਮੌਰਟਗੇਜ ਦੇ ਮਾਹਿਰ
MORTGAGE ALLIANCE
Avineet Kalsey
Mortgage Consultant
604.763.3000
• ਘਰਾਂ ਦੀ ਮੌਰਟਗੇਜ • ਸੈਕਿੰਡ ਮੌਰਟਗੇਜ
• ਕੌਂਸਟ੍ਰਕਸ਼ਨ • ਕਮਰਸ਼ੀਅਲ
akalsey@mortgagealliance.com
MortgageAlliance.com/AvineetKalsey
CROSSTOWN
#1A - 2497 Clearbrook Rd, Abbotsford, BC V2T 2Y3
#205 - 12033 92A Ave. Surrey, BC V3V 4B8

READY FOR A FRESH START!
With updated strategies and a fast netwok, we'll re-list and ensure your home gets the attention it deserves.
*RESIDENTIAL *COMMERCIAL *AGRICULTURAL
We are happy to answer all of your questions.
DR. GURVINDER SINGH DHALIWAL
ਡਾ. ਗੁਰਵਿੰਦਰ ਸਿੰਘ ਧਾਲੀਵਾਲ PERSONAL REAL ESTATE CORPORATION M.A., Ph.D
604-825-1550
gurvindersinghprec@gmail.com
WWW.GURVINDERSINGHDHALIWAL.COM

GOYAL CONSULTANT & PRINTING SERVICES
Contact:1-604-993-3037
2 Locations to Serve You
ABBOTSFORD 2599 Cedar Park Pl
SURREY 12436-74Ave
Email: goyalconsultants7@gmail.com
We are open 7 days a week 08:00 AM TO 09:00 PM (By Appointment Only)
• ਇੰਡੀਅਨ ਪਾਸਪੋਰਟ ਐਪਲੀਕੇਸ਼ਨ(ਰੀਨਿਊ/ਨਾਮ ਬਦਲੀ)
• ਇੰਡੀਅਨ ਵੀਜ਼ਾ ਐਪਲੀਕੇਸ਼ਨ
• ਓਸੀਆਈ ਐਪਲੀਕੇਸ਼ਨ
• ਪੁਲਿਸ ਕਲੀਅਰੈਂਸ ਸਰਟੀਫਿਕੇਸ਼ਨ ਐਪਲੀਕੇਸ਼ਨ
• ਕਨੇਡੀਅਨ ਪਾਸਪੋਰਟ ਐਪਲੀਕੇਸ਼ਨ (ਨਵੀਂ/ਰੀਨਿਊ)
• ਯੂ ਐਸ ਵੀਜ਼ਾ ਐਪਲੀਕੇਸ਼ਨ ਅਤੇ ਅਪਾਇੰਟਮੈਂਟ
• Schengen ਵੀਜ਼ਾ ਐਪਲੀਕੇਸ਼ਨ (ਯੂਰਪ)
• ਯੂਕੇ/ਆਸਟਰੇਲੀਆ/ਨਿਊਜ਼ੀਲੈਂਡ ਵੀਜ਼ਾ ਐਪਲੀਕੇਸ਼ਨ


FARM AND SPICE
Daily Specials on
Open 7 Days a Week
8.30 am to 9.00 pm
Special Offers
Mar 29 - Apr 4
ਦੇਸੀ ਘਿਓ
Nutrifresh
Desi Ghee
$29.99 each
GHEE
ਧਨੀਆ
Cilantro
79¢ each
ਨਿੰਬੂ
Lemon
2 for 99¢
ਪੱਤਾ ਗੋਬੀ
Cabbage
Green
99¢ /lb
ਅਦਰਕ
Ginger
$1.29 /lb
ਸੇਬ
Apple
Ambrosia/Gala
$1.49 /lb
ਸੇਬ
Apple
Fuji
$1.49 /lb
ਘੀਆ
Opo Long
$1.49 /lb
ਸੰਤਰੇ
Oranges
Large
$1.49 /lb
ਬੈਂਗਣ
Eggplant
Long
$1.99 /lb
ਸ਼ਾਨ ਵਰਮੀਸੈਲੀ
Shan
Vermicelli
2 for 99¢
ਰੂਹ ਆਫਜ਼ਾ
Roohafza
Pakistani 800ml
$3.99 each
ਸ਼ੇਰ ਵੇਸਣ
Sher
Besan 4lb
$3.99 each
SHER
BESAN
ਗੋਲ ਗੱਪੇ
ShareEat
Panipuri 190g
$6.99 each
FOOCHKA
ਬਾਸਮਤੀ ਚਾਵਲ
Elite Rice
Super long Basmati
8lb
$9.99 each
ਹੀਰ ਆਟਾ
Heer
Durum Atta
$12.99 each
DURUM FLOUR
ਸਾਨੀਆ ਤੇਲ
Sania Oil
Sunflower 5 ltr
$16.99 each
Sania
http://farmandspice.com
#9546-9548 Scott Town Plaza
96 Ave Scott Road Surrey
# 09-10 12830 96 Ave.
Surrey BC | Tel: 604 930 7742
# 103-104 14320 64 Ave.
Surrey BC | Tel: 604 593 6323

# ਭਾਈ ਹਰਨਾਮ ਸਿੰਘ ਧੁੰਮਾ ਵੱਲੋਂ ਦਮਦਮੀ ਟਕਸਾਲ ਦੀ ਵਿਰਾਸਤ ਨਾਲ ਧੋਖਾ,ਪੰਥ ਲਈ ਚਿੰਤਾਜਨਕ: ਕੈਨੇਡੀਅਨ ਸਿੱਖ



ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):-ਪਿੱਛਲੇ ਦਿਨੀਂ ਅਫਸੋਸਨਾਕ ਖਬਰ ਸਾਹਮਣੇ ਆਈ ਹੈ ਕਿ ਗੁਰੂ ਪਾਤਸ਼ਾਹ ਵੱਲੋਂ ਵਰੋਸਾਏ ਦਮਦਮੀ ਟਕਸਲ ਜਥਾ ਭਿੰਡਰਾਂ (ਮਹਿਤਾ) ਦੇ ਮੁੱਖ ਅਸਥਾਨ ਵਿੱਖੇ ਇੰਡੀਆ ਦਾ ਸਾਬਕਾ ਅਮਰੀਕੀ ਰਾਜਦੂਤ, ਤਰਨਜੀਤ ਸੰਧੂ, ਦਾ ਭਾਈ ਹਰਨਾਮ ਸਿੰਘ ਧੁੰਮਾ ਵੱਲੋਂ ਸਨਮਾਨ ਕੀਤਾ ਗਿਆ ਹੈ। ਇਸ ਕਾਰਵਾਈ ਨਾਲ ਭਾਈ ਧੁੰਮਾ ਵੱਲੋਂ ਪੰਥਕ ਸਰੋਕਾਰਾਂ ਅਤੇ ਦਮਦਮੀ ਟਕਸਾਲ ਦੀ ਵਿਰਾਸਤ ਨਾਲ ਧੋਖਾ ਕੀਤਾ ਗਿਆ ਹੈ ਜਿਸ ਦੀ ਪੰਥਕ ਰਵਾਇਤ ਅਨੁਸਾਰ ਜਵਾਬਦੇਹੀ ਹੋਣੀ ਚਾਹੀਦੀ ਹੈ ।

ਕੈਨੇਡਾ ਦੇ ਬੀਸੀ ਅਤੇ ਉਨਟਾਰੀਓ ਗੁਰਦਵਾਰਾ ਕੌਂਸਿਲ ਦੇ ਬੁਲਾਰੇ ਮੋਨਿੰਦਰ ਸਿੰਘ ਦੇ ਨਾਲ ਅਮਰਜੀਤ ਸਿੰਘ ਮਾਨ ਨੇ ਜਾਰੀ ਕੀਤੇ ਬਿਆਨ ਵਿਚ ਕਿਹਾ ਕਿ ਤਰਨਜੀਤ ਸੰਧੂ ਭਾਵੇਂ ਇੱਕ ਸਤਿਕਾਰਤ ਪੰਥਕ ਸਖਸ਼ੀਅਤ ਦਾ ਵਾਰਿਸ ਹੈ ਪਰ ਇਸ ਗੱਲ ਨੂੰ ਕਦੇ ਵੀ ਨਹੀਂ ਨਜ਼ਰ ਅੰਦਾਜ਼ ਕੀਤਾ ਜਾ ਸਕਦਾ ਕਿ ਆਪਣੇ ਪੁਰਖਿਆਂ ਦੇ ਪਾਏ ਹੋਏ ਪੂਰਨਿਆਂ ਦੇ ਬਿਲਕੁਲ ਉਲਟ ਉਹ ਉਸ ਸਰਕਾਰ ਦਾ ਕਰਿੰਦਾ ਕਈ ਦਹਾਕਿਆਂ ਤੋਂ ਰਿਹਾ ਜਿਸ ਨੇ ਟੈਂਕਾਂ ਤੋਪਾਂ ਨਾਲ ਸੱਚਖੰਡ ਸ੍ਰੀ ਹਰਮੰਦਰ ਸਾਹਿਬ ‘ਤੇ ਹਮਲਾ ਕਰਕੇ ਅਣਗਿਣਤ ਸੰਗਤਾਂ ਸਮੇਤ ਦਮਦਮੀ ਟਕਸਾਲ ਦੇ ਚੌਦਵੇਂ ਮੁੱਖੀ ਸੰਤ ਬਾਬਾ ਜਰਨੈਲ ਸਿੰਘ ਜੀ ਨੂੰ ਸ਼ਹੀਦ ਕੀਤਾ। ਤਰਨਜੀਤ ਸੰਧੂ ਅਮਰੀਕਾ ਵਿੱਚ ਬਤੌਰ ਰਾਜਦੂਤ 2020 ਤੋਂ 2024 ਤੱਕ ਤਾਇਨਾਤ ਰਿਹਾ। ਜਿਸ ਦੌਰਾਨ ਕਿਸਾਨੀ ਮੋਰਚੇ ਵੇਲੇ ਸਰਕਾਰ ਵੱਲੋਂ ਪੰਜਾਬ ਦੇ ਕਿਸਾਨਾਂ ਅਤੇ ਹੋਰ ਦਰਦੀਆਂ ‘ਤੇ ਜੁਲਮ ਅਤੇ ਤਸ਼ੱਦਦ ਢਾਹਿਆ ਗਿਆ। ਕੁੱਝ ਸਮੇਂ ਬਾਅਦ ਹੀ ਇੰਡੀਅਨ ਏਜੰਸੀਆਂ ਵੱਲੋਂ ਸਿੱਖ ਆਗੂਆਂ ਦੇ ਚੁਣਵੇਂ ਕਤਲਾਂ (ਅਸੈਸੀਨੇਸ਼ਜ਼) ਦੀ ਨੀਤੀ ਨੂੰ ਲਾਗੂ ਕਰਦਿਆਂ ਐਸਐਫਜੇ ਦੇ ਜਨਰਲ ਕੌਂਸਲ ਪੰਨੂੰ ਨੂੰ ਜਾਨੋਂ ਮਾਰਨ ਦੀ ਨਾਕਾਮ ਕੋਸ਼ਿਸ਼ ਕੀਤੀ ਗਈ। ਜ਼ਾਹਰ ਹੈ ਕਿ ਰਾਜਦੂਤ ਹੁੰਦਿਆਂ ਹੋਇਆ ਤਰਨਜੀਤ ਸੰਧੂ ਦਾ ਇਸ ਕਾਤਲਾਨਾ ਸਾਜਿਸ਼ ਵਿੱਚ ਸਿੱਧਾ ਜਾਂ ਅਸਿੱਧਾ ਹੱਥ ਹੋਵੇਗਾ। ਇਸੇ ਤਰ੍ਹਾਂ ਇੰਡੀਆ ਦਾ ਮੌਜੂਦਾ ਰਾਜਦੂਤ ਕੈਨੇਡਾ ਵਿੱਚ, ਸੰਜੇ ਵਰਮਾ, ਵੀ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹੀਦੀ ਦੇ ਵਿਚ ਸ਼ਾਮਿਲ ਹੋਵੇਗਾ। ਇਹ ਰਾਜਦੂਤਾਂ ਦਾ ਤਕਰੀਬਨ 40 ਸਾਲ ਤੋਂ ਬਾਹਰਲੇ ਦੇਸ਼ਾਂ ਵਿੱਚ ਸਿੱਖਾਂ ਦੇ ਮਸਲਿਆਂ ਅਤੇ ਗੁਰਦੁਆਰਾ ਸਾਹਿਬਅਨਾਂ/ਜਥੇਬੰਦੀਆਂ ਵਿਚ ਲਗਾਤਾਰ ਦਖਲਅੰਦਾਜੀ ਕਰਨੀ ਕੋਈ ਨਵੀਂ ਗਲ ਨਹੀਂ ਪਰ ਹੁਣ ਕੈਨੇਡਾ ਦੀ ਸਰਕਾਰ ਨੇ ਇੰਡੀਆ ਅਤੇ ਓਹਨਾ ਦੇ ਰਾਜਦੂਤ/ਇੰਡੀਅਨ ਕੌਂਸਿਲ ਜਨਰਲ ਦੇ ਆਫਿਸ ਰਾਹੀਂ ਕੈਨੇਡਾ ਦੇ ਇਲੈਕਸ਼ਨ ਸਿਸਟਮ ਵਿਚ ਦਖਲਅੰਦਾਜੀ ਦੇ ਦੋਸ਼ ਰਾਹੀ ਇੰਡੀਅਨ ਸਟੇਟ ਦੀ ਇਨਵੈਸਟਿਗੇਸ਼ਨ ਕਰ ਰਹੀ ਹੈ। ਭਾਈ ਹਰਨਾਮ ਸਿੰਘ ਧੁੰਮਾ ਵੱਲੋਂ ਇਹ ਘਿਨਾਉਣੀ ਕਾਰਵਾਈ ਬੇਹੱਦ ਅਫਸੋਸਨਾਕ ਹੈ ਅਤੇ ਦਮਦਮੀ ਟਕਸਾਲ ਦੇ ਸ਼ਾਨਾਮੱਤਾ ਇਤਿਹਾਸ ਅਤੇ ਪੰਥਕ ਸੇਵਾਵਾਂ ਨਾਲ ਇੱਕ ਗੰਭੀਰ ਧੋਖਾ ਹੈ। ਭਾਈ ਧੁੰਮਾ ਨੂੰ ਆਪਣੀ ਗਲਤੀ ਨੂੰ ਮੰਨਦੇ ਹੋਏ ਗੁਰੂ ਕੀਆਂ ਸੰਗਤਾਂ ਅਤੇ ਗੁਰੂ ਖਾਲਸਾ ਪੰਥ ਤੋਂ ਉਹ ਤੁਰੰਤ ਮਾਫੀ ਮੰਗ ਕੇ ਤਨਖਾਹ ਲਵਾਉਣੀ ਚਾਹੀਦੀ ਹੈ ।

# ਅਮਰੀਕਾ ਦੇ ਧਾਰਮਿਕ ਆਜ਼ਾਦੀ ਬਾਰੇ ਕਮਿਸ਼ਨ ਨੇ ਸੀਏਏ ਨੋਟੀਫਿਕੇਸ਼ਨ ’ਤੇ ਚਿੰਤਾ ਪ੍ਰਗਟਾਈ

ਨਿਊਯਾਰਕ:-ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਬਾਰੇ ਅਮਰੀਕੀ ਕਮਿਸ਼ਨ (ਯੂਐੱਸਸੀਆਈਆਰਐੱਫ) ਨੇ ਭਾਰਤ ਸਰਕਾਰ ਵੱਲੋਂ ਨਾਗਰਿਕਤਾ (ਸੋਧ) ਕਾਨੂੰਨ (ਸੀਏਏ) ਨੂੰ ਲਾਗੂ ਕਰਨ ਲਈ ਜਾਰੀ ਨੋਟੀਫਿਕੇਸ਼ਨ ‘ਤੇ ਚਿੰਤਾ ਜ਼ਾਹਰ ਕਰਦੇ ਹੋਏ ਕਿਹਾ ਹੈ ਕਿ ਧਰਮ ਜਾਂ ਵਿਸ਼ਵਾਸ ਦੇ ਅਧਾਰ ’ਤੇ ਕਿਸੇ ਨੂੰ ਵੀ ਨਾਗਰਿਕਤਾ ਤੋਂ ਵਾਂਝਾ ਨਹੀਂ ਕਰਨਾ ਚਾਹੀਦਾ। ਸੀਏਏ ਨੂੰ ਲਾਗੂ ਕਰਨ ਦੇ ਨਿਯਮਾਂ ਨੂੰ ਇਸ ਮਹੀਨੇ ਦੇ ਸ਼ੁਰੂ ਵਿੱਚ ਸੂਚਿਤ ਕੀਤਾ ਗਿਆ ਸੀ, ਜਿਸ ਨਾਲ ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗਾਨਿਸਤਾਨ ਤੋਂ ਦਸਤਾਵੇਜ਼ਾਂ ਬਗ਼ੈਰ ਆਏ ਗ਼ੈਰ ਮੁਸਲਮਾਨ ਪਰਵਾਸੀਆਂ ਨੂੰ ਨਾਗਰਿਕਤਾ ਦੇਣ ਦਾ ਰਾਹ ਪੱਧਰਾ ਹੋ ਗਿਆ।

# ‘ਮੋਦੀ, ਮੋਦੀ’ ਦੇ ਨਾਅਰੇ ਲਾਉਣ ਵਾਲੇ ਵਿਦਿਆਰਥੀਆਂ ਅਤੇ ਨੌਜੁਆਨਾਂ ਨੂੰ ਥੱਪੜ ਪੈਣੇ ਚਾਹੀਦੇ ਨੇ : ਕਰਨਾਟਕ ਦੇ ਮੰਤਰੀ

ਬੇਂਗਲੁਰੂ : ਕਰਨਾਟਕ ਦੇ ਮੰਤਰੀ ਸ਼ਿਵਰਾਜ ਤੰਗਡਗੀ ਨੇ ਇਕ ਇਤਰਾਜ਼ਯੋਗ ਬਿਆਨ ਦਿੰਦਿਆਂ ਕਿਹਾ ਕਿ ‘ਮੋਦੀ, ਮੋਦੀ’ ਦੇ ਨਾਅਰੇ ਲਾਉਣ ਵਾਲੇ ਨੌਜੁਆਨਾਂ ਅਤੇ ਵਿਦਿਆਰਥੀਆਂ ਨੂੰ ਥੱਪੜ ਮਾਰਿਆ ਜਾਣਾ ਚਾਹੀਦਾ ਹੈ। ਮੰਤਰੀ ਨੇ ਹਰ ਸਾਲ ਦੋ ਕਰੋੜ ਨੌਕਰੀਆਂ ਦੇਣ ਦੇ ਅਪਣੇ ਵਾਅਦੇ ਨੂੰ ਪੂਰਾ ਨਾ ਕਰਨ ਲਈ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ’ਤੇ ਵੀ ਹਮਲਾ ਕੀਤਾ।


ਕੰਨੜ ਅਤੇ ਸਭਿਆਚਾਰ ਮੰਤਰੀ ਨੇ ਇਹ ਵੀ ਕਿਹਾ ਕਿ ਭਾਜਪਾ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ’ਚ ਵੋਟਾਂ ਮੰਗਣ ’ਚ ਸ਼ਰਮ ਆਉਣੀ ਚਾਹੀਦੀ ਹੈ ਕਿਉਂਕਿ ਉਹ ਵਿਕਾਸ ਦੇ ਮੋਰਚੇ ’ਤੇ ਵੀ ਅਸਫਲ ਰਹੀ ਹੈ। ਤੰਗਾਡਾਗੀ ਨੇ ਕਿਹਾ, ‘‘ਉਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ। ਉਹ ਵਿਕਾਸ ਦਾ ਇਕ ਵੀ ਕੰਮ ਨਹੀਂ ਕਰ ਸਕੇ, ਫਿਰ ਉਹ ਕਿਸ ਚਿਹਰੇ ਨਾਲ ਵੋਟਾਂ ਮੰਗ ਰਹੇ ਹਨ? ਉਨ੍ਹਾਂ ਨੇ ਦੋ ਕਰੋੜ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ। ਕੀ ਉਨ੍ਹਾਂ ਨੇ ਕਿਸੇ ਨੂੰ ਨੌਕਰੀ ’ਤੇ ਰੱਖਿਆ ਸੀ? ਜਦੋਂ ਤੁਸੀਂ ਨੌਕਰੀਆਂ ਬਾਰੇ ਪੁੱਛਦੇ ਹੋ, ਤਾਂ ਉਹ ਕਹਿੰਦੇ ਹਨ, ਪਕੌੜੇ ਵੇਚ ਦਿਓ। ਉਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ।’’

# ਸੋਸ਼ਲ ਮੀਡੀਏ ਤੇ ਸਿੱਖ ਵਿਰੋਧੀ ਲਾਬੀ ਸਰਗਰਮ:ਕੀਤੀ ਘਟੀਆਂ ਹਰਕਤ

ਅਮ੍ਰਿਤਸਰ:-ਸੋਸ਼ਲ ਮੀਡੀਆ ’ਤੇ ਸਰਗਰਮ ਸਿੱਖ ਵਿਰੋਧੀ ਲਾਬੀ ਨੇ ਇਕ ਵਾਰ ਫਿਰ ਤੋਂ ਅਪਣੀ ਘਟੀਆ ਸੋਚ ਦਾ ਪ੍ਰਗਟਾਵਾ ਕਰਦਿਆਂ ਸਿੱਖ ਜਜ਼ਬਾਤ ਨਾਲ ਖਿਲਵਾੜ ਕੀਤਾ ਹੈ। ਸੋਸ਼ਲ ਮੀਡੀਆ ਤੇ ਚਲਦੇ ਟਵਿਟਰ ਨਾਮਕ ਪਲੇਟਫ਼ਾਰਮ ਤੇ ਮੋਹਤ ਕਪੂਰ ਨਾਮ ਦੇ ਇਕ ਵਿਅਕਤੀ ਨੇ ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਬਾਰੇ ਬੇਹਦ ਨੀਚ ਸੋਚ ਦਾ ਪ੍ਰਗਟਾਵਾ ਕੀਤਾ ਹੈ। ਮੋਹਤ ਕਪੂਰ ਨੇ ਇਕ ਤਸਵੀਰ ਪਾ ਕੇ ਉਸ ’ਤੇ ਇਕ ਪਿਸ਼ਾਬ ਕਰਦਾ ਕਾਰਟੂਨ ਦਿਖਾਇਆ ਹੈ ਜਿਸ ਦੇ ਹੇਠਾਂ ਉਕਤ ਨੇ ਸ੍ਰੀ ਦਰਬਾਰ ਸਾਹਿਬ ਦੇ ਪਵਿੱਤਰ ਸਰੋਵਰ ਦੇ ਜਲ ਬਾਰੇ ਸ਼ਰਮਨਾਕ ਸ਼ਬਦਾਵਲੀ ਵਰਤੀ ਹੈ।

ਪੰਜਾਬੀ ਸਨਾਤਨੀ ਦੀ ਆਵਾਜ਼ ਤੇ ਪੰਜਾਬ ਫ਼ਾਈਲਜ਼ ਨਾਮ ਹੇਠਾਂ ਉਕਤ ਵਿਅਕਤੀ ਨੇ ਸਿੱਖ ਭਾਵਨਾਵਾਂ ਦਾ ਰਜ ਕੇ ਮਜ਼ਾਕ ਉਡਾਇਆ ਹੈ। ਇਸ ਸੰਬਧੀ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਥਾਣਾ ਗਲਿਆਰਾ ਚੌਕੀ ਵਿਚ ਉਕਤ ਵਿਰੁਧ ਸਖ਼ਤ ਕਾਨੂੰਨੀ ਕਾਰਵਾਈ ਕਰਨ ਲਈ ਅਤੇ ਇਸ ਪੇਜ ਨੂੰ ਤੁਰਤ ਬੰਦ ਕਰਨ ਲਈ ਕਿਹਾ ਹੈ। ਸ. ਪ੍ਰਤਾਪ ਸਿੰਘ ਦੀ ਮੰਗ ਤੇ ਥਾਣਾ ਕੋਤਵਾਲੀ ਵਿਚ ਮੋਹਤ ਕੁਮਾਰ ਵਿਰੁਧ ਧਾਰਾ 295 ਏ ਐਫ਼ ਆਈ ਆਰ ਨੰਬਰ 0038 ਦਰਜ ਕਰ ਲਈ ਹੈ


BADH
Accounting Services
26 Years Experience in Accounting
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC


Jasbir Singh Badh

Charlesworth
insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer
ICBC autoplan
"For Fast, Friendly and Reliable Service!"





Phone:
604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com






Best Rates
ਵਿਆਹ ਦੇ ਕਾਰਡ
Letterheads, Business Cards, Envelops, Invoices, Flyers, Folding, Stitching, Numbering, Rubbers Stamps, Receipt Books, Brochures
All kinds of Signs and Decals
ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਮੇਰੀ ਪਾਕਸਤਾਨ ਯਾਤਰਾ -1

ਬਲਵੰਤ ਸਿੰਘ ਸੰਘੇੜਾ - 2006 ਵਿਚ ਮੇਰੀ ਪਤਨੀ ਬਲਦੇਵ ਕੋਰ ਸੰਘੇੜਾ ਅਤੇ ਮੈਂ ਕੁਝ ਦਿਨਾਂ ਲਈ ਪਾਕਸਤਾਨ ਗਏ ਸੀ।ਉਸ ਵੇਲੇ ਅਸੀਂ ਕਾਫੀ ਗੁਰਦਵਾਰਾ ਸਾਹਿਬਾਨ ਵਿਖੇ ਨਤਮਸਤਕ ਹੋਣ ਦਾ ਅਨੰਦ ਮਾਣਿਆ।ਪ੍ਰੰਤੂ ਕੁਝ ਕਾਰਨਾਂ ਕਰਕੇ ਜਿਹਨਾਂ ਹੋਰ ਥਾਵਾਂ ਉਪਰ ਜਾਣ ਦੀ ਚਾਹਨਾਂ ਸੀ ਉਹ ਪੂਰੀ ਨਾਂ ਹੋ ਸਕੀ। ਇਹ ਮੌਕਾ ਸਾਨੂੰ ਇਸ ਸਾਲ ਮਿਲਿਆ ਜਦੋਂ ਸਾਡੇ ਕੁਝ ਨਜਦੀਕੀ ਦੋਸਤਾਂ ਨੇ ਪਾਕਸਤਾਨ ਜਾਣ ਦੀ ਇੱਛਾ ਪ੍ਰਗਟਾਈ। ਇਸ ਲਈ ਅਸੀਂ ਪਾਕਸਤਾਨ ਦੇ ਵੀਜੇ ਇਥੇ ਵੈਨਕੋਵਰ ਤੋਂ ਹੀ ਲੈ ਲਏ।ਇਸ ਲਈ ਅਸੀਂ ਪਾਕਸਤਾਨ ਦੇ ਕੌਸਲ ਜਨਰਲ ਅਤੇ ਉਹਨਾਂ ਦੇ ਸਟਾਫ ਦੇ ਧੰਨਵਾਦੀ ਹਾਂ।



ਅਸੀਂ 28 ਜਨਵਰੀ ਨੂੰ ਵੈਨਕੋਵਰ ਤੋਂ ਆਪਣੇ ਪਿੰਡ ਫਰਵਾਲਾ (ਜਿਲਾ ਜਲੰਧਰ ) ਵਿਖੇ ਪਹੁੰਚ ਗਏ ਸੀ।ਇਕ ਮਹੀਨਾਂ ਪੰਜਾਬ ਵਿਚ ਆਨੰਦ ਮਾਨਣ ਤੋਂ ਬਾਅਦ 28 ਫਰਵਰੀ ਨੂੰ ਤਕਰੀਬਨ 12 ਵਜੇ ਦੁਪਹਿਰ ਅਸੀਂ ਵਾਹਗਾ ਬੌਰਡਰ ਤੇ ਪ੍ਰਹੰਚ ਗਏ।ਇਥੇ ਭਾਰਤ ਅਤੇ ਪਾਕਸਤਾਨ ਦੀਆਂ ਸਰਕਾਰਾਂ ਨੇ ਯਾਤਰੀਆਂ ਲਈ ਬੁਹਤ ਸੋਹਣੇ ਪ੍ਰਬੰਧ ਕੀਤੇ ਹੋਏ ਹਨ।ਦੋਹਾਂ ਦੇਸ਼ਾਂ ਦੀਆਂ ਇੰਮੀਗਰੇਸ਼ਨ ਅਤੇ ਕਸਟਮ ਚੈਂਕ ਤੋਂ ਬਾਅਦ ਛੇਤੀ ਹੀ ਅਸੀ ਲਾਹੌਰ ਸ਼ਹਿਰ ਵੱਲ ਚਾਲੇ ਪਾ ਲਏ। ਲਾਹੌਰ ਇਕ ਬਹੁਤ ਹੀ ਸੂੰਦਰ ਇਤਿਹਾਸਿਕ ਅਤੇ ਸੰਘਣੀ ਵਸੋਂ ਵਾਲਾ ਸ਼ਹਿਰ ਹੈ।ਸਾਡੀ ਰਿਹਾਇਸ਼ ਦਾ ਇੰਤਜਾਮ ਪੰਜਾਬ ਯੂਨੀਵਰਸਟੀ ਦੇ ਨਵੇਂ ਕੈਂਪ੍ਰਸ ਵਿਚ ਠਹਿਰਨ ਦਾ ਕੀਤਾ ਗਿਆ ਸੀ। ਉਥੇ ਪਹੁੰਚਦਿਆਂ ਹੀ ਸਾਡਾ ਬਹੁਤ ਨਿੱਘਾ ਸਵਾਗਤ ਕੀਤਾ ਗਿਆ।ਖਾਣਾ ਖਾਣ ਤੋਂ ਬਾਅਦ ਅਸੀਂ ਆਪਣੇ ਕਮਰਿਆਂ ਵਿਚ ਚਲੇ ਗਈ ਅਤੇ ਨਿੱਘੀ ਨੀਂਦ ਦਾ ਆਨੰਦ ਮਾਣਿਆ।

ਦੂਸਰੇ ਦਿਨ ਸਵੇਰੇ ਹੀ ਨਾਸ਼ਤਾ ਕਰਕੇ ਅਸੀਂ ਕਰਤਾਰਪੁਰ ਸਾਹਿਬ ਵੱਲ ਚਲ ਪਏ। ਨਾਰੋਵਾਲ ਜਿਲ੍ਹੇ ਵਿਚ ਇਹ ਉਹ ਪਵਿੱਤਰ ਅਸਥਾਨ ਹੈ ਜਿੱਥੇ ਗੁਰੂ ਨਾਨਕ ਦੇਵ ਜੀ ਨੇ 14 ਸਾਲ ਖੇਤੀ ਕੀਤੀ ,ਵੰਡ ਛਕਿਆ ਅਤੇ ਨਾਮ ਜਪਿਆ।ਪਾਕਸਤਾਨ ਦੀ ਗੌਰਮੈਂਟ ਦਾ ਕਰਤਾਰਪੁਰ ਸਾਹਿਬ ਨੂੰ ਇਕ ਬਹੁਤ ਹੀ ਸੂੰਦਰ ਦਿਖ ਦੇਣਾ ਸਮੁੱਚੇ ਜਗਤ ਲਈ ਅਤੇ ਖਾਸ ਕਰ ਸਿੱਖਾਂ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਇਸ ਲਈ ਉਸ ਵੇਲੇ ਦੇ ਪ੍ਰਧਾਨ ਮੰਤਰੀ ਇਮਰਾਨ ਖਾਂ ਅਤੇ ਪਾਕਸਤਾਨ ਦੀ ਸਰਕਾਰ, ਵਧਾਈ ਦੇ ਪਾਤਰ ਹਨ। ਇਸ ਦੇ ਨਾਲ ਹੀ ਭਾਰਤ ਦੀ ਸਰਕਾਰ ਅਤੇ ਨਵਜੋਤ ਸਿੰਘ ਸਿਧੂ ਦੇ ਯੋਗਦਾਨ ਦੀ ਭੀ ਸ਼ਲਾਘਾ ਬਣਦੀ ਹੈ।ਇਸ ਇਤਿਹਾਸਿਕ ਸਥਾਨ ਤੇ ਗੁਰੂ ਨਾਨਕ ਦੇਵ ਜੀ ਦੀ ਜੀਵਨੀ, ਸਿਖਿਆ ਅਤੇ ਸਮੁੱਚੇ ਸੰਸਾਰ ਨੂੰ ਅਦੁੱਤੀ ਦੇਣ ਦੀ ਮੋਹਰ ਲੱਗੀ ਹੋਈ ਹੇ। ਅਸੀਂ ਸਾਰਾ ਦਿਨ ਇਸ ਕੰਪਲੈਕਸ ਵਿਚ ਫਿਰ ਕੈ ਬਹੁਤ ਹੀ ਆਨੰਦ ਮਾਣਿਆ। ਇਥੇ ਸਾਨੂੰ ਪੰਜਾਬੀ ਭਾਈਚਾਰੇ ਦੇ ਨਲ ਹੀ ਕਾਫੀ ਹੋਰ ਦੇਸ਼ਾਂ ਅਤੇ ਕਮਿਊਨਿਟਆਂ ਦੇ ਪੁਰਸ਼ ਅਤੇ ਬੀਬੀਆਂ ਭੀ ਮਿਲੇ। ਸਭ ਨੇ ਸਾਨੂੰ ਜਫੀਆਂ ਪਾਕੇ ਬਹੁਤ ਹੀ ਪਿਆਰ ਅਤੇ ਸਤਿਕਾਰ ਦਿੱਤਾ।

ਸਾਡੇ ਸਭ ਲਈ ਇਹ ਬਹੁਤ ਹੀ ਮਾਣ ਵਾਲੀ ਗੱਲ ਸੀ ਕਿ ਇਹ ਉਹ ਧਰਤੀ ਹੈ ਜਿੱਥੇ ਗੁਰੂ ਨਾਨਕ ਦੇਵ ਜੀ ਨੇ 14 ਸਾਲ ਖੇਤੀ ਕੀਤੀ ਅਤੇ ਕਰਤਾਰਪੁਰ ਦਾ ਨੱਗਰ ਵਸਾਇਆ। ਗੁਰੂ ਸਾਹਿਬ ਦੀਆਂ ਕਾਫੀ ਨਿਸ਼ਾਨੀਆਂ ਭੀ ਇੱਥੇ ਸਾਂਭ ਕੇ ਰੱਖੀਆਂ ਹੋਈਆਂ ਹਨ। ਇੱਥੇ ਉਹ ਖੂਹ ਭੀ ਹੈ ਜਿਸ ਦੇ ਪਾਣੀ ਨਾਲ ਗੁਰੂ ਜੀ ਆਪਣੀ ਫਸਲ ਨੂੰ ਸਿੰਜਦੇ ਸਨ।ਯਾਤਰੀਆਂ ਦੀ ਸਹੂਲਤ ਲਈ ਇੱਥੇ ਹਰ ਤਰ੍ਹਾਂ ਦੀ ਸਹੂਲਤ ਦਿੱਤੀ ਗਈ ਹੈ। ਇਥੇ ਸੇਵਾਦਾਰ ਭੀ ਪੂਰੀ ਲਗਨ ਅਤੇ ਪਿਆਰ ਨਾਲ ਸੇਵਾ ਕਰਦੇ ਹਨ।ਇਸ ਕੰਪਲੈਕਸ ਦੇ ਅੰਦਰ ਵੜਦਿਆਂ ਹੀ ਮਨ ਨੂੰ ਬਹਤ ਸ਼ਾਂਤੀ ਮਿਲਦੀ ਹੈ।ਪਤਾ ਹੀ ਨਹੀਂ ਲੱਗਾ ਕਿ ਸ਼ਾਮ ਕਦੋਂ ਹੋ ਗਈ ਅਤੇ ਸਾਡੇ ਲਈ ਲਾਹੌਰ ਨੂੰ ਵਾਪਸ ਮੁੜਨ ਦਾ ਸਮਾਂ ਹੋ ਗਿਆ ਸੀ (ਚਲਦਾ)

# ਕੇਂਦਰ ਨੇ ਸਾਡੇ ਹੱਕ ਖੋਹ ਲਏ:ਤਾਮਿਲ ਆਗੂ

ਥੇਨੀ (ਤਾਮਿਲਨਾਡੂ), ਡੀਐਮਕੇ ਆਗੂ ਤੇ ਤਾਮਿਲਨਾਡੂ ਦੇ ਕੈਬਨਿਟ ਮੰਤਰੀ ਉਦੈਨਿਧੀ ਸਟਾਲਿਨ ਨੇ ਅੱਜ ਭਾਜਪਾ ’ਤੇ ਨਿਸ਼ਾਨਾ ਸੇਧਿਆ ਹੈ। ਉਨ੍ਹਾਂ ਥੇਨੀ ਵਿੱਚ ਡੀਐਮਕੇ ਉਮੀਦਵਾਰ ਥੰਗਾ ਤਾਮਿਲ ਸੇਲਵਾਨ ਦੇ ਸਮਰਥਨ ਵਿੱਚ ਰੋਡ ਸ਼ੋਅ ਕੀਤਾ। ਉਨ੍ਹਾਂ ਭਾਸ਼ਾ ਅਧਿਕਾਰਾਂ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਭਾਜਪਾ ’ਤੇ ਸ਼ਬਦੀ ਹਮਲੇ ਕਰਦਿਆਂ ਕਿਹਾ, ‘ਪ੍ਰਧਾਨ ਮੰਤਰੀ ਮੋਦੀ ਇਨ੍ਹਾਂ ਦਸ ਸਾਲਾਂ ਵਿੱਚ ਕਿੰਨੀ ਵਾਰ ਤਾਮਿਲਨਾਡੂ ਆਏ ਹਨ? ਉਹ ਜਦੋਂ ਵੀ ਆਉਂਦੇ ਹਨ ਤਾਂ ਤਾਮਿਲਾਂ ਦੇ ਸਨਮਾਨ ਦੀ ਗੱਲ ਕਰਦੇ ਹਨ ਪਰ ਉਨ੍ਹਾਂ ਨੇ ਸਾਡੇ ਭਾਸ਼ਾ ਦੇ ਅਧਿਕਾਰ ਖੋਹ ਲਏ ਹਨ।’ ਡੀਐਮਕੇ ਆਗੂ ਨੇ ਦੋਸ਼ ਲਾਇਆ ਕਿ ਕੇਂਦਰ ਦੀ ਮੋਦੀ ਸਰਕਾਰ ਗੈਰ ਭਾਜਪਾ ਸੂਬਿਆਂ ਨੂੰ ਫੰਡ ਦੇਣ ਵਿਚ ਵਿਤਕਰਾ ਕਰ ਰਹੀ ਹੈ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



CANRISE IMMIGRATION
www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

## ਇੰਗਲੈਂਡ ਸਰਕਾਰ ਵੱਲੋਂ ਭਾਰਤ ਜਾਣ ਵਾਲੇ ਆਪਣੇ ਨਾਗਰਿਕਾਂ ਲਈ ਐਡਵਾਈਜ਼ਰੀ ਜਾਰੀ

ਲੰਡਨ,- ਯੂ.ਕੇ. ਸਰਕਾਰ ਨੇ ਭਾਰਤ ਜਾਣ ਵਾਲੇ ਆਪਣੇ ਨਾਗਰਿਕਾਂ ਨੂੰ ਭਾਰਤ ਵਿਚ ਜਨਰਲ ਚੋਣਾਂ ਦੇ ਮੱਦੇਨਜ਼ਰ ਸੁਚੇਤ ਰਹਿਣ ਲਈ ਕਿਹਾ ਹੈ। ਯੂ.ਕੇ. ਦੀ ਸਰਕਾਰੀ ਵੈਬਸਾਈਟ ‘ਤੇ ਭਾਰਤ ਜਾਣ ਵਾਲੇ ਯਾਤਰੀਆਂ ਨੂੰ ਭਾਰਤੀ ਖੇਤਰਾਂ ਵਿਚ ਯਾਤਰੀਆਂ ਨੂੰ ਜਾਨੀ ਸੁਰੱਖਿਆ ਦੇ ਮੱਦੇਨਜ਼ਰ ਸੁਚੇਤ ਰਹਿਣ ਤੇ ਬਗੈਰ ਲੋੜ ਦੇ ਕਿਤੇ ਨਾ ਜਾਣ ਲਈ ਕਿਹਾ ਹੈ। ਯੂ.ਕੇ. ਸਰਕਾਰ ਨੇ ਕਿਹਾ ਕਿ ਭਾਰਤ ਵਿਚ ਜਨਰਲ ਆਮ ਚੋਣਾਂ 19 ਅਪ੍ਰੈਲ ਤੋਂ 1 ਜੂਨ ਦਰਮਿਆਨ ਹੋਣਗੀਆਂ ਤੇ ਇਸ ਦੇ ਨਤੀਜੇ 4 ਜੂਨ ਨੂੰ ਐਲਾਨੇ ਜਾਣਗੇ। ਇਸ ਦੌਰਾਨ ਦੇਸ਼ ਭਰ ਵਿਚ ਸਿਆਸੀ ਰੈਲੀਆਂ ਅਤੇ ਜਨਤਕ ਮੀਟਿੰਗਾਂ, ਵੱਡੇ ਇਕੱਠਾਂ ਦੇ ਆਲੇ-ਦੁਆਲੇ ਸਾਵਧਾਨੀ ਵਰਤਣ ਦੇ ਨਾਲ, ਸਥਾਨਕ ਮੀਡੀਆ ਵਿਚ ਅੱਪਡੇਟ ਅਤੇ ਸਥਾਨਕ ਅਧਿਕਾਰੀਆਂ ਦੀ ਸਲਾਹ ਦੀ ਪਾਲਣਾ ਕਰਨ ਲਈ ਕਿਹਾ ਗਿਆ ਹੈ।

ਸਰਕਾਰ ਨੇ ਕਿਹਾ ਕਿ ਹੜਤਾਲਾਂ, ਸਿਆਸੀ ਰੈਲੀਆਂ ਅਤੇ ਪ੍ਰਦਰਸ਼ਨ ਅਕਸਰ ਹੁੰਦੇ ਹਨ ਅਤੇ ਕਈ ਰੈਲੀਆਂ ਹਿੰਸਕ ਬਣ ਸਕਦੀਆਂ ਹਨ। ਚੋਣਾਂ ਦੌਰਾਨ ਅਤੇ ਪਾਰਟੀ ਜਾਂ ਸਰਕਾਰ ਦੇ ਨੇਤਾਵਾਂ ਦੀ ਮੌਤ ਤੋਂ ਬਾਅਦ ਜ਼ੋਖਮ ਵੱਧ ਹੁੰਦੇ ਹਨ। ਵਿਰੋਧ ਪ੍ਰਦਰਸ਼ਨ ਥੋੜ੍ਹੇ ਸਮੇਂ ਦੇ ਨੋਟਿਸ ‘ਤੇ ਵੀ ਹੋ ਸਕਦੇ ਹਨ, ਖਾਸ ਕਰਕੇ ਰਾਸ਼ਟਰੀ ਮਹੱਤਵ ਵਾਲੇ ਦਿਨਾਂ ਦੇ ਆਲੇ-ਦੁਆਲੇ ਘਟਨਾਵਾਂ ਆਮ ਵਾਪਰ ਜਾਂਦੀਆਂ ਹਨ ਅਤੇ ਸਥਾਨਕ ਅਧਿਕਾਰੀ ਥੋੜ੍ਹੇ ਸਮੇਂ ਦੇ ਨੋਟਿਸ ‘ਤੇ ਕਰਫਿਊ ਅਤੇ ਹੋਰ ਪਾਬੰਦੀਆਂ ਲਗਾ ਸਕਦੇ ਹਨ ਤੇ ਅਫਵਾਹਾਂ ਤੋਂ ਬਚਣ ਲਈ ਸਥਾਨਕ ਪ੍ਰਸ਼ਾਸਨ ਮੋਬਾਈਲ ਅਤੇ ਇੰਟਰਨੈੱਟ ਨੈੱਟਵਰਕ ਕਵਰੇਜ ਸਮੇਤ ਆਵਾਜਾਈ ਅਤੇ ਜਨਤਕ ਸੇਵਾਵਾਂ ਥੋੜ੍ਹੇ ਸਮੇਂ ਦੇ ਨੋਟਿਸ ‘ਤੇ ਵਿਘਨ ਪਾ ਸਕਦੀਆਂ ਹਨ।

## ਸਾਬਕਾ ਅਮਰੀਕੀ ਰਾਸ਼ਟਰਪਤੀ ਟਰੰਪ ਦੀਆਂ ਵਧ ਸਕਦੀਆਂ ਨੇ ਮੁਸ਼ਕਿਲਾਂ

ਨਿਊਯਾਰਕ, - ‘ਹਸ਼’ ਮਨੀ ਵਿਚ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸਟੋਰਮੀ ਡੇਨੀਅਲਸ ਨੂੰ ਚੁੱਪ ਕਰਾਉਣ ਲਈ ਪੈਸੇ ਦੇਣ ਦੇ ਮਾਮਲੇ ਵਿਚ ਮੁਸ਼ਕਲਾਂ ਟਰੰਪ ਵਧ ਸਕਦੀਆਂ ਹਨ। ਮੀਡੀਆ ਰਿਪੋਰਟਾਂ ਮੁਤਾਬਕ ਅਮਰੀਕੀ ਰਾਸ਼ਟਰਪਤੀ ਚੋਣਾਂ ‘ਚ ਰਿਪਬਲਿਕਨ ਉਮੀਦਵਾਰ ਟਰੰਪ ਦੇ ਖਿਲਾਫ ਮਾਮਲੇ ‘ਚ ਸੁਣਵਾਈ ਦੀ ਤਰੀਕ ਤੈਅ ਕੀਤੀ ਗਈ ਹੈ। ਨਿਊਯਾਰਕ ਦੇ ਜੱਜ ਨੇ ਇਸ ਕੇਸ ਦੀ ਸੁਣਵਾਈ 15 ਅਪ੍ਰੈਲ ਨੂੰ ਤੈਅ ਕਰ ਦਿੱਤੀ ਹੈ। ਟਰੰਪ ਖਿਲਾਫ ਇਹ ਪਹਿਲਾ ਅਪਰਾਧਿਕ ਮਾਮਲਾ ਹੋਵੇਗਾ ਅਤੇ ਟਰੰਪ ਨੇ ਜੱਜ ਨੂੰ ਸੁਣਵਾਈ ਮੁਲਤਵੀ ਕਰਨ ਲਈ ਕਿਹਾ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਸੋਮਵਾਰ ਨੂੰ ਸੁਣਵਾਈ ਦੌਰਾਨ ਟਰੰਪ ਨੇ ਜੱਜ ਨੂੰ ਸੁਣਵਾਈ ਮੁਲਤਵੀ ਕਰਨ ਦੀ ਬੇਨਤੀ ਕੀਤੀ ਸੀ। ਹਾਲਾਂਕਿ, ਜੱਜ ਜੁਆਨ ਮਰਚਨ ਨੇ ਟਰੰਪ ਦੀਆਂ ਸਾਰੀਆਂ ਬੇਨਤੀਆਂ ਨੂੰ ਠੁਕਰਾ ਦਿੱਤਾ ਅਤੇ ਮੁਕੱਦਮੇ ਦੀ ਸੁਣਵਾਈ 15 ਅਪ੍ਰੈਲ ਤੋਂ ਸ਼ੁਰੂ ਕਰਨ ਦਾ ਆਦੇਸ਼ ਦਿੱਤਾ। ਰਿਪੋਰਟ ਮੁਤਾਬਕ ਟਰੰਪ ਦੇ ਖਿਲਾਫ ਮੁਕੱਦਮਾ ਸੋਮਵਾਰ ਨੂੰ ਸ਼ੁਰੂ ਹੋਣਾ ਸੀ, ਪਰ ਆਖਰੀ ਸਮੇਂ ‘ਤੇ ਮੈਨਹਟਨ ਜ਼ਿਲ੍ਹਾ ਅਟਾਰਨੀ ਐਲਵਿਨ ਬ੍ਰੈਗ ਦਾ ਦਫਤਰ ਮੁਕੱਦਮੇ ‘ਚ ਦੇਰੀ ਕਰਨ ਲਈ ਤਿਆਰ ਹੋ ਗਿਆ।


# ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ



- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ






ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey


## ਬਾਦਲਾਂ ਨੇ ਸਿੱਖ ਸਿਆਸਤ ਨੂੰ ਸਿਧਾਂਤਕ ਤੋਂ ਮੌਕਾਪ੍ਰਸਤ ਅਤੇ ਸਮਝੌਤਾਵਾਦੀ ਬਣਾ ਦਿੱਤਾ:ਦਲ ਖਾਲਸਾ

ਅੰਮ੍ਰਿਤਸਰ:-ਚਰਨਜੀਤ ਸਿੰਘ ਦਲ ਖ਼ਾਲਸਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਕਿਹਾ ਹੈ ਕਿ ਉਹ ਪੰਜਾਬ ਅਤੇ ਪੰਥ ਦੇ ਲੋਕਾਂ ਨੂੰ ਸਮਝਾਉਣ ਕਿ ਸਿੱਖ ਸਿਆਸਤ ਵਿੱਚ ਆ ਨਿਘਾਰ ਲਈ ਕੌਣ ਜ਼ਿੰਮੇਵਾਰ ਹੈ। ਸਿੱਖ ਜਥੇਬੰਦੀ ਨੇ ਸੱਪਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਪੰਥ ਦਾ ਵੱਡਾ ਹਿੱਸਾ ਸੁਖਬੀਰ ਦੀ ਅਗਵਾਈ ਵਾਲੇ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਤੋਂ ਭਰੋਸਾ ਅਤੇ ਉਮੀਦਾਂ ਗੁਆ ਚੁੱਕਾ ਹੈ।



ਸੁਖਬੀਰ ਦੀ ਪ੍ਰਧਾਨਗੀ ਹੇਠ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਵਿੱਚ ਬੀਤੇ ਦਿਨ ਪਾਸ ਕੀਤੇ ਮਤੇ ਕਿ ਉਨ੍ਹਾਂ ਦੀ ਪਾਰਟੀ ਸਿਧਾਂਤਾਂ ਨੂੰ ਸਿਆਸਤ ਤੋਂ ਵੱਧ ਅਹਿਮੀਅਤ ਦੇਣ ਵਿੱਚ ਵਿਸ਼ਵਾਸ ਰੱਖਦੀ ਹੈ ਦਾ ਹਵਾਲਾ ਦਿੰਦੇ ਹੋਏ ਦਲ ਖਾਲਸਾ ਆਗੂਆਂ ਨੇ ਕਿਹਾ ਕਿ ਇਹ ਬਾਦਲਾਂ ਦੀ ਅਗਵਾਈ ਵਾਲਾ ਅਕਾਲੀ ਦਲ ਹੈ ਜਿਸ ਨੇ ਹਮੇਸ਼ਾ ਸੱਤਾ ਅਤੇ ਰਿਆਇਤਾਂ ਨੂੰ ਸਿਧਾਂਤਾਂ ਤੋਂ ਉਪਰ ਰੱਖਿਆ ਹੈ। ਦਲ ਖ਼ਾਲਸਾ ਆਗੂਆਂ ਨੇ ਬਿਆਨ ਵਿੱਚ ਕਿਹਾ ਹੈ ਕਿ ਅਕਾਲੀ ਦਲ ਵਿਚ ਇਸ ਅਚਾਨਕ ਤਬਦੀਲੀ ਨੂੰ ਸਮਝਣਾ ਔਖਾ ਨਹੀਂ ਹੈ ਕਿਉਂਕਿ ਲੋਕ ਸਭਾ ਚੋਣਾਂ ਨੇੜੇ ਹਨ ਅਤੇ ਭਗਵਾਂ ਪਾਰਟੀ ਭਾਜਪਾ ਨਾਲ ਮੁੜ ਗਠਜੋੜ ਦੀਆਂ ਸੰਭਾਵਨਾਵਾਂ ਮੱਧਮ ਲੱਗ ਰਹੀਆਂ ਹਨ। ਲੰਮੇ ਸਮੇਂ ਤੱਕ ਸੀਨੀਅਰ ਬਾਦਲ ਨੇ ਭਾਜਪਾ ਨਾਲ ਆਪਣੇ ਗਠਜੋੜ ਨੂੰ ਮੀਲਪੱਥਰ ਮੰਨ ਕੇ ਆਪਣੀ ਰਾਜਨੀਤੀ ਕੀਤੀ, ਜੋ ਪੰਥ ਦੀਆਂ ਨਜ਼ਰਾਂ ਵਿੱਚ ਰਾਜਸੀ ਅਪਰਾਧ ਸੀ। ਪਾਰਟੀ ਦੇ ਕਾਰਜਕਾਰੀ ਪ੍ਰਧਾਨ ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਕਾਂਗਰਸ ਵਾਂਗ ਭਾਜਪਾ ਵੀ ਸਿੱਖ ਅਤੇ ਪੰਜਾਬ ਵਿਰੋਧੀ ਹੈ। ਜਿੱਥੋਂ ਤੱਕ ਪੰਥਕ ਮੁੱਦਿਆਂ ਦਾ ਸਬੰਧ ਹੈ, ਦੋਵੇਂ ਪਾਰਟੀਆਂ ਦਾ ਏਜੰਡਾ ਇੱਕ ਜਿਹਾ ਹੈ।ਉਨ੍ਹਾਂ ਅੱਗੇ ਕਿਹਾ ਕਿ ਬਾਦਲਾਂ ਨੇ ਸਿੱਖ ਸਿਆਸਤ ਨੂੰ ਸਿਧਾਂਤਕ ਤੋਂ ਮੌਕਾਪ੍ਰਸਤ ਅਤੇ ਸਮਝੌਤਾਵਾਦੀ ਬਣਾ ਦਿੱਤਾ ਹੈ।


# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

## ਇਸ ਹਫਤੇ ਦੇ ਪ੍ਰੋਗਰਾਮ

ਅਰੰਭ ਸ੍ਰੀ ਅਖੰਡ ਪਾਠ ਸਾਹਿਬ 29 ਮਾਰਚ ਦਿਨ ਸ਼ੁਕਰਵਾਰ ਸਵੇਰੇ 10 ਵਜ਼ੇ

ਭੋਗ ਸ੍ਰੀ ਅਖੰਡਪਾਠ ਸਾਹਿਬ 31 ਮਾਰਚ ਦਿਨ ਐਤਵਾਰ ਸਵੇਰੇ 9 ਵਜ਼ੇ

ਅਖੰਡਪਾਠ ਸਾਹਿਬ ਜੀ ਦੀ ਸੇਵਾ ਪਿੰਡ ਬਾੜਾ (ਸਿੰਧਪੁਰ) ਦੀ ਸਮੂੰਹ ਸੰਗਤ ਵੱਲੋ ਹ੍ਹਾਲ ਨੰ:2

ਉਪ੍ਰੰਤ ਕਥਾ ਕੀਰਤਨ ਦੇ ਦੀਵਾਨ ਸਜਣਗੇ

* 30 ਮਾਰਚ ਸ਼ਨੀਵਾਰ ਬੀਬੀਆਂ ਦੇ ਜਥੇ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਕੀਰਤਨ ਸਵੇਰੇ 11 ਤੋਂ 1 ਵਜ਼ੇ ਤੱਕ
* 31 ਮਾਰਚ ਐਤਵਾਰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਬੀਬਾ ਨਵਜੋਤ ਕੌਰ ਵੱਲੋਂ ਹਾਲ ਨੰਬਰ 2 ਵਿਖੇ ਸਵੇਰੇ 10 ਤੋਂ 11 ਵਜ਼ੇ
* 31 ਮਾਰਚ ਐਤਵਾਰ ਸਵੇਰੇ 10 ਤੋਂ ਦੁਪਿਹਰ 1 ਵਜ਼ੇ ਤੱਕ ਹਫਤਾਵਾਰੀ ਸਮਾਗਮ
  · ਗਿ. ਸਰਵਣ ਸਿੰਘ ਜੀ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ
  · ਬਾਬਾ ਭਗਵੰਤ ਸਿੰਘ ਜੀ (ਸੰਪ੍ਰਦਾਇ ਰਾੜਾ ਸਾਹਿਬ)
  · ਬਾਬਾ ਜਗਜੀਤ ਸਿੰਘ ਜੀ ਗੁਰਨੇ ਕਲਾਂ ਖਾਰੇ ਵਾਲੇ (ਸੇਵਕ ਜਥਾ)

ਵਿਸ਼ੇਸ਼ ਨੋਟ:ਇਥੇ ਆਪ ਜੀ ਖੁਸ਼ੀ,ਗਮੀ,ਵਿਆਹ,ਸ਼ਾਦੀ ਦੇ ਪ੍ਰੋਗ੍ਰਾਮ ਬੁੱਕ ਕਰਵਾ ਸਕਦੇ ਹੋ ਜੀ

ਸ੍ਰੀ ਮਾਨ ਸੰਤ ਬਾਬਾ ਤੇਜਾ ਸਿੰਘ ਜੀ ਮਹਾਰਾਜ ਜੀ ਦੀ ਸਾਲਾਨਾ ਬਰਸੀ ਦੇ ਸਬੰਧ ਵਿਚ
9 ਜੂਨ 2024 ਤੋਂ ਸ੍ਰੀ ਅਖੰਡਪਾਠ ਸਾਹਿਬ ਦੀ ਲੜੀ ਆਰੰਭ ਹੋਵੇਗੀ। ਅਖੰਡਪਾਠ ਸਾਹਿਬ ਦੀ ਸੇਵਾ ਲੈਣ ਲਈ ਗੁਰੂਘਰ ਨਾਲ ਸੰਪਰਕ ਕਰੋ ਜੀ।


**ਰਾਗੀ ਜੱਥੇ**
ਭਾਈ ਸਤਨਾਮ ਸਿੰਘ ਬੰਬੀਹਾ ਲੁਧਿਆਣੇ ਵਾਲੇ
ਬਾਬਾ ਭਗਵੰਤ ਸਿੰਘ ਰਾੜਾ ਸਾਹਿਬ ਸੰਪਰਦਾ ਵਾਲੇ

**ਕਥਾਵਾਚਕ**
(ਜਪੁਜੀ ਸਾਹਿਬ ਦੀ ਲੜੀਵਾਰ ਕਥਾ)
ਬਾਬਾ ਜਗਜੀਤ ਸਿੰਘ ਜੀ (ਖਾਰੇ ਵਾਲੇ)
ਸੇਵਕ ਜੱਥਾ ਮਸਤੂਆਣਾ ਸਾਹਿਬ

**ਤਬਲਾ ਸਿੱਖਣ ਲਈ ਸੰਪਰਕ ਕਰੋ:**
604-413-7171

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਲਹਿੰਦੇ ਪੰਜਾਬ ਦਾ ਚੜਦਾ ਸੂਰਜ- ਅਸ਼ਰਫ ਸੁਹੇਲ



ਅਸ਼ਰਫ ਸੁਹੇਲ (ਪਾਕਿਸਤਾਨ) ਜੀ ਦਾ ਨਾਂ ਆਲਮੀ ਬਾਲ ਅਦਬ ਵਿੱਚ ਅਸਮਾਨ ਵਿੱਚ ਚਮਕਦੇ ਧਰੂੰ ਤਾਰੇ ਵਾਂਗ ਹੈ। ਬਾਲ ਅਦਬ ਲਈ ਕੰਮ ਕਰਨਾ ਉਹਨਾਂ ਲਈ ਅੱਲ੍ਹਾ ਦੀ ਇਬਾਦਤ ਕਰਨ ਵਾਂਗ ਹੈ। ਉਨਾਂ ਦਾ 'ਪਖੇਰੂ' ਹੱਦਾਂ-ਸਰਹੱਦਾਂ ਪਾਰ ਕਰਕੇ ਹਵਾ ਦੇ ਬੁੱਲੇ ਵਾਂਗ ਦੁਨੀਆਂ ਭਰ ਦੇ ਪੰਜਾਬੀ ਜ਼ੁਬਾਨ ਬੋਲਦੇ ਬੱਚਿਆਂ ਕੋਲ ਪਹੁੰਚ ਜਾਂਦਾ ਹੈ, ਉਨਾਂ ਨਾਲ ਖੇਡਦਾ ਹੈ, ਮਨੋਰੰਜਨ ਕਰਦਾ ਹੈ ਅਤੇ ਸਿਖਿਆਦਾਇਕ ਕਹਾਣੀਆਂ ਅਤੇ ਕਵਿਤਾਵਾਂ ਵੀ ਸੁਣਾਉਂਦਾ ਹੈ। ਏਸੇ ਲਈ ਬੱਚੇ 'ਪਖੇਰੂ' ਦੀ ਬੇਸਬਰੀ ਨਾਲ ਉਡੀਕ ਕਰਦੇ ਰਹਿੰਦੇ ਹਨ। 'ਪਖੇਰੂ' ਦੇ ਨਾਲ ਨਾਲ ਸੁਹੇਲ ਜੀ ਨੇ ਚੜਦੇ ਪੰਜਾਬ ਦੇ ਲੇਖਕਾਂ ਦੀਆਂ ਅਨੇਕਾਂ ਕਿਤਾਬਾਂ ਸ਼ਾਹਮੁਖੀ ਲਿਪੀ ਵਿੱਚ ਛਾਪ ਕੇ ਟੁੱਟੀਆਂ ਮੁਹੱਬਤੀ ਤੰਦਾਂ ਨੂੰ ਦੁਬਾਰਾ ਗੰਢ ਪਾਈ ਹੈ। ਆਪਣੀ ਹੱਕ-ਹਲਾਲ ਦੀ ਕਮਾਈ ਗੁਜਾਰੇ ਜੋਗੀ ਰੱਖ ਕੇ ਬਾਕੀ ਸਾਰੀ ਕਮਾਈ ਉਹ ਇਸੇ ਕਾਰਜ ਦੇ ਲੇਖੇ ਲਾ ਦਿੰਦੇ ਹਨ। ਮੇਰੀ ਸਾਂਝ ਵੀ ਉਹਨਾਂ ਨਾਲ ਬਾਲ ਰਸਾਲੇ 'ਪਖੇਰੂ' ਤੋਂ ਹੀ ਪਈ। ਜਿਸ ਨੂੰ ਉਹ ਬੀਤੇ 29-30 ਸਾਲ ਤੋਂ ਨਿਰੰਤਰ ਛਾਪ ਰਹੇ ਹਨ। 'ਪਖੇਰੂ' ਵਿੱਚ ਮੇਰੀ ਪਹਿਲੀ ਬਾਲ ਕਵਿਤਾ ਡਾ: ਦਰਸ਼ਨ ਸਿੰਘ ਆਸ਼ਟ ਜੀ ਰਾਹੀਂ ਛਪੀ ਸੀ। ਫਿਰ ਜਦੋਂ ਸੁਹੇਲ ਹੁਰਾਂ ਨੇ ਮੇਰੀਆਂ 101 ਬੁਝਾਰਤਾਂ ਜੋ ਪਹਿਲਾਂ ਚੜਦੇ ਪੰਜਾਬ ਦੇ ਇੱਕ ਅਖਬਾਰ ਵਿੱਚ ਵੀ ਛਪ ਚੁੱਕੀਆਂ ਹਨ, ਨੂੰ 'ਪਖੇਰੂ' ਵਿੱਚ ਵੀ ਛਾਪਣਾ ਸ਼ੁਰੂ ਕੀਤਾ ਤਾਂ ਫੋਨ ਤੇ ਗੱਲਬਾਤ ਦਾ ਸਿਲਸਿਲਾ ਸ਼ੁਰੂ ਹੋ ਗਿਆ। ਜਿਉਂ ਜਿਉਂ ਗੱਲਬਾਤ ਅੱਗੇ ਵਧਦੀ ਗਈ ਤਾਂ ਮਹਿਸੂਸ ਹੋਇਆ ਜਿਵੇਂ ਮੈਨੂੰ ਕੋਈ 'ਨਾਯਾਬ ਖਜ਼ਾਨਾ' ਲੱਭ ਗਿਆ ਹੋਵੇ। ਮੈਂ ਸੋਚਿਆ ਕਿਉਂ ਨਾ ਇਸ 'ਨਾਯਾਬ ਖਜ਼ਾਨੇ' ਬਾਰੇ ਚੜ੍ਹਦੇ ਪੰਜਾਬ ਨੂੰ ਜਾਣੂ ਕਰਵਾਇਆ ਜਾਵੇ। ਸੋ ਪੇਸ਼ ਹਨ ਅਸ਼ਰਫ ਸੁਹੇਲ ਜੀ ਨਾਲ ਕੀਤੀ ਮੁਲਾਕਾਤ ਦੇ ਕੁਝ ਅੰਸ਼-

**ਸਵਾਲ- ਅਸ਼ਰਫ ਸੁਹੇਲ ਜੀ ਸਭ ਤੋਂ ਪਹਿਲਾਂ ਆਪਣੇ ਜਨਮ, ਪਰਿਵਾਰ ਅਤੇ ਤਾਲੀਮ ਬਾਰੇ ਦੱਸੋ ?**

-ਜਵਾਬ-ਜਸਵੀਰ ਭਲੂਰੀਆ ਜੀ ਮੇਰਾ ਪੂਰਾ ਨਾਮ ਮੁਹੰਮਦ ਅਸ਼ਰਫ ਸੁਹੇਲ ਹੈ। ਮੇਰਾ ਜਨਮ ਮੁਗਲਪੁਰੇ ਦੇ ਇਲਾਕੇ ਲਾਹੌਰ ਵਿੱਚ 23 ਜੁਲਾਈ 1963 ਨੂੰ ਹੋਇਆ। ਮੇਰੇ ਵੱਡ-ਵਡੇਰੇ ਰੋਪੜ ਦੇ ਰਹਿਣ ਵਾਲੇ ਸਨ। ਮੇਰੇ ਵਾਲਿਦ ਜੀ ਚੌਧਰੀ ਕਰਨ ਦੀਨ ਬੜੀਮਾਜਰਾ ਦੇ ਰਹਿਣ ਵਾਲੇ ਸਨ। ਮੇਰੇ ਮਾਤਾ ਜੀ ਰਹਿਮਤ ਬੀਬੀ ਰੋਪੜ ਨੇੜੇ ਪਿੰਡ ਬੰਨਮਾਜਰਾ ਤੋਂ ਸਨ। ਸਾਨੂੰ ਅੱਜ ਵੀ ਇੱਥੇ 'ਬੜੀ' ਵਾਲੇ ਕਰਕੇ ਜਾਣਿਆ ਜਾਂਦਾ ਹੈ। ਗੁਰਬਤ ਕਾਰਨ ਪੜ੍ਹਾਈ ਮੈਂ ਮੈਟਰਿਕ ਤੱਕ ਹੀ ਕਰ ਸਕਿਆ। ਪਰ ਮੈਟਰਿਕ ਕਰਨ ਤੋਂ ਬਾਅਦ ਮੈਨੂੰ ਰੇਲਵੇ ਡਿਪਾਰਟਮੈਂਟ ਵਿੱਚ ਨੌਕਰੀ ਮਿਲ ਗਈ। ਪਰ ਪਰਿਵਾਰ ਵੱਡਾ ਸੀ ਇਸ ਲਈ ਘਰ ਦੇ ਗੁਜ਼ਾਰੇ ਲਈ ਸਾਰੇ ਜੀਆਂ ਨੂੰ ਛੋਟੇ ਮੋਟੇ ਕੰਮ ਕਰਨੇ ਪੈਂਦੇ ਸਨ।

**ਸਵਾਲ-ਤੁਸੀਂ ਬਾਲ ਅਦਬ ਨਾਲ ਕਿਵੇਂ ਬਾਵਾਸਤਾ ਹੋਏ ?**

-ਜਵਾਬ-ਬਾਲ ਅਦਬ ਨਾਲ ਮੈਂ ਬਚਪਨ ਤੋਂ ਹੀ ਜੁੜ ਗਿਆ ਸਾਂ। ਲਿਫਾਫੇ ਬਣਾਉਣ ਲਈ ਸਾਡੇ ਘਰ ਕਾਗਜ਼ ਦੀ ਰੱਦੀ ਆਉਂਦੀ ਹੁੰਦੀ ਸੀ। ਉਸ ਰੱਦੀ ਵਿੱਚੋਂ ਮੈਨੂੰ ਏ-ਹਮੀਦ ਦਾ 'ਮੌਤ ਕਾ ਤਾਕਬ' ਬਾਲ ਨਾਵਲ ਲੱਭਾ। ਜਿਸ ਨੂੰ ਮੈਂ ਪੜ੍ਹਨਾ ਸ਼ੁਰੂ ਕਰ ਦਿੱਤਾ। ਉਸ ਨਾਵਲ ਤੋਂ ਮੈਨੂੰ ਪੜਨ ਦੀ ਐਸੀ ਚੇਟਕ ਲੱਗੀ ਕਿ ਮੈਂ ਸੈਂਕੜੇ ਕਿਤਾਬਾਂ ਆਪਣੇ ਜੇਬ ਖਰਚ ਦੇ ਪੈਸੇ ਤੋਂ ਖਰੀਦ ਕੇ ਪੜੀਆਂ ਅਤੇ ਸੈਂਕੜੇ ਕਿਤਾਬਾਂ ਮੈਂ ਕਰਾਏ ਤੇ ਲੈ ਕੇ ਪੜੀਆਂ। ਇਸ ਤਰ੍ਹਾਂ ਮੈਂ ਜ਼ਿੰਦਗੀ ਭਰ ਲਈ ਬਾਲ ਅਦਬ ਨਾਲ ਜੁੜ ਗਿਆ। ਸਭ ਤੋਂ ਪਹਿਲਾਂ ਮੈਂ ਗ਼ਜ਼ਲ ਲਿਖਣ ਦੀ ਕੋਸ਼ਿਸ਼ ਵੀ ਕੀਤੀ। ਪਹਿਲੀ ਕਿਤਾਬ ਮੈਂ ਚੜਦੇ-ਲਹਿੰਦੇ ਪੰਜਾਬ ਦੀਆਂ ਮਿੰਨੀ ਨਜ਼ਮਾਂ ਦੀ ਛਾਪੀ। ਦੂਜੀ ਕਿਤਾਬ ਚੜਦੇ-ਲਹਿੰਦੇ ਪੰਜਾਬ ਦੀਆਂ ਮਿੰਨੀ ਕਹਾਣੀਆਂ ਦੀ ਛਾਪੀ। ਇਸ ਦੌਰਾਨ ਇੰਡੀਆ ਤੋਂ ਮੇਰੇ ਬਹੁਤ ਸਾਰੇ ਅਦਬੀ ਦੋਸਤ ਬਣ ਗਏ ਸਨ।।

**ਸਵਾਲ- 'ਪਖੇਰੂ'ਬਾਲ ਰਸਾਲਾ ਛਾਪਣ ਬਾਰੇ ਫੁਰਨਾ ਕਿਵੇਂ ਫੁਰਿਆ ?**

-ਜਵਾਬ-ਭਲੂਰੀਆ ਜੀ ਏਧਰ ਪਹਿਲਾਂ ਇੱਕ 'ਰਵੇਲ' ਨਾਂ ਦਾ ਰਸਾਲਾ ਨਿਕਲਦਾ ਸੀ। ਉਸ ਵਿੱਚ ਬੱਚਿਆਂ ਲਈ ਦੋ- ਤਿੰਨ ਸਫੇ ਹੁੰਦੇ ਸਨ,ਜਿੰਨਾਂ ਦਾ ਮੈਂ ਐਡੀਟਰ ਹੁੰਦਾ ਸਾਂ। ਉਸ ਰਸਾਲੇ ਵਿੱਚ ਅਸੀਂ ਬੱਚਿਆਂ ਨੂੰ ਸਵਾਲ ਪਾਉਂਦੇ ਸਾਂ। ਮਸਲਨ ਜੇ ਤੁਸੀਂ ਪਾਕਿਸਤਾਨ ਦੇ ਵਜ਼ੀਰ-ਏ-ਆਜ਼ਮ ਹੁੰਦੇ ਤਾਂ,ਜੇ ਤੁਸੀਂ ਪੰਜਾਬ ਦੇ ਵਜ਼ੀਰ-ਏ-ਆਜ਼ਮ ਹੁੰਦੇ, ਜੇ ਤੁਸੀਂ ਤਾਲੀਮੀ ਅਦਾਰੇ ਦੇ ਵਜ਼ੀਰ-ਏ-ਆਜ਼ਮ ਹੁੰਦੇ ਤਾਂ ਕੀ ਕਰਦੇ ? ਇੱਕ ਵਾਰ ਅਸੀਂ ਪੁੱਛਿਆ ਕਿ ਜੇ ਤੁਸੀਂ 'ਰਵੇਲ'ਦੇ ਐਡੀਟਰ ਹੁੰਦੇ ਤਾਂ ਕੀ ਕਰਦੇ ? ਤਾਂ ਬਹੁਤ ਸਾਰੇ ਬਾਲਾਂ ਨੇ ਜਵਾਬ ਦਿੱਤਾ ਕਿ 'ਮੈਂ ਬਾਲਾਂ ਲਈ ਇੱਕ ਵੱਖਰਾ ਪਰਚਾ ਕੱਢਦਾ।'ਇੱਥੋਂ ਅਸੀਂ ਸੋਚਿਆ ਕਿ ਸਾਨੂੰ ਬਾਲਾਂ ਲਈ ਵੱਖਰਾ ਪਰਚਾ ਕੱਢਣਾ ਚਾਹੀਦੈ। ਜ਼ਮੀਰ ਅਹਿਮਦਪਾਲ, ਇਲਿਆਸ ਘੁੰਮਣ ਅਤੇ ਮੈਂ ਤਿੰਨਾਂ ਨੇ ਮਿਲ ਕੇ 'ਮੀਟੀ' ਨਾਂ ਦਾ ਪਰਚਾ ਕੱਢਣਾ ਸ਼ੁਰੂ ਕੀਤਾ। ਇਹ ਪਰਚਾ ਦੋ ਕੁ ਸਾਲ ਚੱਲ ਕੇ ਬੰਦ ਹੋ ਗਿਆ। ਇਹ ਪਾਕਿਸਤਾਨ ਦਾ ਬਾਲ ਅਦਬ ਦਾ ਪਹਿਲਾ ਪਰਚਾ ਸੀ। ਇਸੇ ਦੌਰਾਨ ਹੀ ਮੈਂ ਗੁਰਮੁਖੀ ਪੜ੍ਹਨੀ,ਲਿਖਣੀ ਸਿੱਖੀ। ਇਸ ਤੋਂ ਬਾਅਦ ਮੈਂ 1996 ਵਿੱਚ ਆਪਣਾ ਪਰਚਾ 'ਪਖੇਰੂ' ਛਾਪਣਾ ਸ਼ੁਰੂ


ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097

By Appointment Only

#202-12677-80AVE SURREY



SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711



Harmanpreet Kaur

Punjabi Singer

ਵਿਆਹ ਸ਼ਾਦੀ, ਲੇਡੀਜ਼ ਸੰਗੀਤ ਜਾਗੋ, ਮਾਈਆਂ, ਘੋੜੀਆਂ, ਸੁਹਾਗ, ਪੰਜਾਬੀ ਮੇਲਾ, ਸ਼ੋਅ ਆਦਿ ਦੀ ਬੁਕਿੰਗ ਲਈ ਸੰਪਰਕ ਕਰੋ



Winner of Awaaz Punjabi
Voice of Punjab
India Got Talent
BEST IN PUNJAB FOLK SONGS

Ph:236-881-1276

Email:meriawaaz.music@gmail.com

YouTube harmanpreetofficial

ਕਰ ਦਿੱਤਾ। ਸਭ ਤੋਂ ਪਹਿਲਾਂ ਮੈਂ ਦਰਸ਼ਨ ਸਿੰਘ ਆਸ਼ਟ ਜੀ ਦੀ ਕਹਾਣੀ ਤਰਜਮਾ ਕਰਕੇ ਛਾਪੀ। ਇਸ ਸਮੇਂ ਮੈਂ ਆਪਣੀਆਂ ਕਹਾਣੀਆਂ ਲਿਖਣ ਦਾ ਆਗਾਜ਼ ਕੀਤਾ। ਉਹੀ ਸਾਰੀਆਂ ਕਹਾਣੀਆਂ ਚੜਦੇ ਪੰਜਾਬ ਦੇ ਇੱਕ ਵੱਡੇ ਅਕਬਾਰ ਨੇ ਛਾਪ ਕੇ ਮੇਰਾ ਮਾਣ ਵਧਾਇਆ।

**ਸਵਾਲ- 'ਪਖੇਰੂ' ਰਸਾਲੇ ਦੀ ਹੁਣ ਛਪਣ-ਗਿਣਤੀ ਕਿੰਨੀ ਹੋ ਗਈ ਅਤੇ ਇਹ ਕਿਹੜੇ ਕਿਹੜੇ ਦੇਸ਼ ਵਿੱਚ ਪਹੁੰਚਦਾ ਹੈ।**

-ਜਵਾਬ-ਸ਼ੁਰੂ ਵਿੱਚ ਮੈਂ ਦੋ-ਮਾਹੀ 16 ਸਫੇ ਦਾ ਪਰਚਾ ਸ਼ੁਰੂ ਕੀਤਾ। ਉਦੋਂ ਮੈਂ ਕੈਨੇਡਾ,ਅਮਰੀਕਾ,ਇੰਡੀਆ, ਦੁਨੀਆਂ ਵਿੱਚ ਜਿੱਥੇ ਜਿੱਥੇ ਵੀ ਪੰਜਾਬੀ ਵੱਸਦੇ ਹਨ,ਜਿੱਥੋਂ ਦਾ ਵੀ ਮੈਨੂੰ ਐਡਰੈਸ ਮਿਲਿਆ ਮੈਂ ਪਰਚਾ ਪਹੁੰਚਾਇਆ। ਇੱਥੇ ਸਾਡੇ ਸਕੂਲਾਂ ਵਿੱਚ ਪੰਜਾਬੀ ਨਹੀਂ ਪੜ੍ਹਾਈ ਜਾਂਦੀ,ਇਸੇ ਕਰਕੇ ਪੰਜਾਬੀ ਮੈਟਰ ਦੀ ਬੜੀ ਕਮੀ ਸੀ। ਫਿਰ ਮੈਂ ਇਧਰਲੇ ਲੇਖਕਾਂ ਨੂੰ ਵੀ ਪੰਜਾਬੀ ਲਿਖਣ ਲਈ ਪ੍ਰੇਰਿਆ। ਕੁਝ ਮੈਟਰ ਇੰਡੀਆ ਤੋਂ ਆ ਜਾਂਦਾ ਸੀ। ਇਸ ਤਰਾਂ 16 ਸਫੇ ਤੋਂ ਹੌਲੀ ਹੌਲੀ ਪਰਚਾ 80 ਸਫੇ ਦਾ ਹੋ ਗਿਆ। ਕਰਾਚੀ ਮੇਰੇ ਸਹੁਰੇ ਸਨ। ਛੁੱਟੀਆਂ ਵਿੱਚ ਮੈਂ ਬੱਚਿਆਂ ਨੂੰ ਉੱਥੇ ਛੱਡਣ ਜਾਂਦਾ ਸਾਂ। ਉੱਥੇ ਮੇਰਾ ਇੱਕ ਦੋਸਤ ਸੀ ਜੋ ਡਜ਼ਾਈਨਿੰਗ ਦਾ ਕੰਮ ਕਰਦਾ ਸੀ। ਉਹ ਕਹਿੰਦਾ ਪਰਚੇ ਦਾ ਦੋ-ਕਲਰ ਟਾਈਟਲ ਸੋਹਣਾ ਨਹੀਂ ਲੱਗਦਾ। ਟਾਈਟਲ ਤੁਹਾਨੂੰ ਮੈਂ ਬਣਾ ਕੇ ਦਿਆ ਕਰਾਂਗਾ। ਫਿਰ ਉਸਨੇ ਫੋਰ-ਕਲਰ ਟਾਈਟਲ ਬਣਾਉਣਾ ਸ਼ੁਰੂ ਕਰ ਦਿੱਤਾ। ਮੈਂ ਉਸ ਕੋਲੋਂ ਛੇ ਮਹੀਨੇ ਦੇ ਇਕੱਠੇ ਟਾਈਟਲ ਬਣਾ ਲਿਆਉਣੇ। ਛੇ ਮਹੀਨੇ ਬਾਅਦ ਫਿਰ ਛੇ ਮਹੀਨੇ ਦੇ ਟਾਈਟਲ ਬਣਵਾ ਲਿਆਉਣੇ। ਫਿਰ ਮੈਂ ਚਾਰ ਪੰਜ ਵੱਡੇ ਸ਼ਹਿਰਾਂ ਵਿੱਚ ਆਪਣੇ ਦੋਸਤਾਂ ਤੋਂ ਪਰਚਾ ਸ਼ੁਰੂ ਕਰਵਾਇਆ। ਦੋ ਕੁ ਮਹੀਨੇ ਤਾਂ ਮੈਂ ਉਹ ਪਰਚੇ ਆਪਣੇ ਖਰਚੇ ਤੇ ਕੱਢੇ। ਜਦੋਂ ਉਹਨਾਂ ਨੇ ਆਪ ਕੋਈ ਉਜਰ ਨਾ ਕੀਤਾ ਤਾਂ ਉਹ ਪਰਚੇ ਬੰਦ ਕਰਨੇ ਪਏ। ਅੱਜ ਦੀ ਤਰੀਕ ਵਿੱਚ ਮੈਂ 'ਪਖੇਰੂ' ਦੀ 5000 ਕਾਪੀ ਛਪਵਾਉਂਦਾ ਹਾਂ।

**ਸਵਾਲ-ਹੁਣ ਤੱਕ ਤੁਸੀਂ ਗੁਰਮੁਖੀ ਲਿਪੀ ਦੀਆਂ ਕਿੰਨੇ ਲੇਖਕਾਂ ਦੀਆਂ ਕਿੰਨੀਆਂ ਕਿਤਾਬਾਂ ਦਾ ਤਰਜਮਾ ਸ਼ਾਹਮੁਖੀ ਲਿਪੀ ਵਿੱਚ ਕਰ ਚੁੱਕੇ ਹੋ?**

-ਜਵਾਬ- ਹੁਣ ਤੱਕ ਮੈਂ 70 ਦੇ ਕਰੀਬ ਬਾਲ ਨਾਵਲ ਗੁਰਮੁਖੀ ਲਿੱਪੀ ਤੋਂ ਸ਼ਾਹਮੁਖੀ ਲਿੱਪੀ ਵਿੱਚ ਤਰਜਮਾ ਕਰਕੇ ਛਾਪ ਚੁੱਕਾ ਹਾਂ। ਜਿਨਾਂ ਵਿੱਚ ਕੁੱਝ ਕੁ ਲੇਖਕਾਂ ਦੇ ਨਾਂ ਜੋ ਮੈਨੂੰ ਯਾਦ ਹਨ ਉਹ ਇਹ ਹਨ-ਕਮਲਜੀਤ ਨੀਲੋਂ, ਡਾ: ਦਰਸ਼ਨ ਸਿੰਘ ਆਸ਼ਟ, ਜਸਬੀਰ ਭੁੱਲਰ, ਹਰਦੇਵ ਚੌਹਾਨ, ਬਚਿੰਤ ਕੌਰ, ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਡਾ: ਜਗਤਾਰ, ਪਰਮਜੀਤ ਦਿਉਲ, ਡਾਕਟਰ ਗੁਰਬਤ ਸਿੰਘ ਭੰਡਾਲ (ਕੈਨੇਡਾ), ਡਾਟਰ ਟੀ. ਐਨ. ਸ਼ਰਮਾ, ਪ੍ਰੋਫੈਸਰ ਪ੍ਰੀਤਮ ਸਿੰਘ, ਪਰਮਬੀਰ ਕੌਰ, ਡਾ: ਹਰਸ਼ਿੰਦਰ ਕੌਰ, ਪੰਜਾਬੀ ਸੱਥ ਲਾਂਬੜਾਂ ਦੀ ਸੰਪਾਦਿਤ ਕਿਤਾਬ, ਚੜ੍ਹਦੇ- ਲਹਿੰਦੇ ਪੰਜਾਬ ਦੇ ਬੱਚਿਆਂ ਦੀਆਂ ਕਹਾਣੀਆਂ, ਕਈ ਕਹਾਣੀ ਨੰਬਰ ਛਾਪੇ। ਇਸ ਤਰਾਂ ਅੱਗੇ ਵੀ ਕੰਮ ਜਾਰੀ ਹੈ।

**ਸਵਾਲ-ਕੀ ਤੁਸੀਂ ਸ਼ਾਹਮੁਖੀ ਤੋਂ ਗੁਰਮੁਖੀ ਲਿਪੀ ਵਿੱਚ ਵੀ ਕਿਸੇ ਕਿਤਾਬ ਦਾ ਤਰਜ਼ਮਾ ਕੀਤਾ?**

-ਜਵਾਬ-ਭਲੂਰੀਆ ਜੀ ਗੁਲੂਕਾਰ ਸ਼ੌਕਤ ਅਲੀ ਸਾਹਿਬ ਨੂੰ ਮੈਂ ਬਾਲ ਗੀਤ ਲਿਖਣ ਲਈ ਪ੍ਰੇਰਿਆ, ਉਹ ਵੱਡੇ ਬੰਦੇ ਸਨ। ਉਹ ਮੇਰੇ ਘਰ ਚੱਲ ਕੇ ਆਏ ਅਤੇ ਕਹਿਣ ਲੱਗੇ ਸੁਹੇਲ ਆਪਣੀ ਯਾਰੀ ਕਿਵੇਂ ਪੱਕੀ ਹੋ ਸਕਦੀ ਹੈ ? ਤਾਂ ਮੈਂ ਉਹਨਾਂ ਨੂੰ ਬਾਲ ਗੀਤ ਲਿਖਣ ਦੀ ਸਲਾਹ ਦਿੱਤੀ ਜੋ ਉਹਨਾਂ ਪਰਵਾਨ ਕਰ ਲਈ। ਉਹ ਗੀਤ ਪਹਿਲਾਂ 'ਪਖੇਰੂ' ਵਿੱਚ ਛਾਪੇ। ਫਿਰ ਚੜਦੇ ਪੰਜਾਬ ਦੇ ਇੱਕ ਅਕਬਾਰ ਵਿੱਚ ਵੀ ਛਪੇ, ਫਿਰ ਉਧਰ ਉਹਨਾਂ ਗੀਤਾਂ ਦੀ ਕਿਤਾਬ ਵੀ ਛਪੀ। ਇੱਕ ਹੋਰ ਸਾਡੇ ਇਧਰ ਵੱਡਾ ਨਾਂ ਹੈ ਫਰਖੰਦਾ ਲੋਧੀ। ਉਨਾਂ ਦੇ ਬਾਲ ਗੀਤ ਵੀ ਮੈਂ ਛਾਪੇ ਸਨ।

**ਸਵਾਲ-ਕਿਸੇ ਵੀ ਲਿਪੀ ਵਿੱਚੋਂ ਦੂਜੀ ਲਿਪੀ ਵਿੱਚ ਤਰਜਮਾ ਕਰਨਾ ਬੜਾ ਪਵਿੱਤਰ (ਪਾਕਿ)ਕਾਰਜ ਹੈ। ਪਰ ਇਹ ਮਹਿੰਗਾ ਬਹੁਤ ਹੈ। ਕੀ ਤੁਹਾਨੂੰ ਕਿਸੇ ਸੰਸਥਾ ਜਾਂ ਸਰਕਾਰ ਵੱਲੋਂ ਕੋਈ ਮੱਦਦ ਮਿਲਦੀ ਹੈ?**

-ਜਵਾਬ-ਮੈਂ 'ਪਖੇਰੂ' ਲਈ ਅੱਜ ਤੱਕ ਕਿਸੇ ਤੋਂ ਕੋਈ ਪੈਸਾ ਨਹੀਂ ਮੰਗਿਆ। ਮੈਂ ਕੋਸ਼ਿਸ਼ ਕੀਤੀ ਹੈ ਕਿ 'ਪਖੇਰੂ' ਦਾ ਖਰਚਾ ਘਟਾਇਆ ਜਾਵੇ। ਮਸਲਨ ਕੰਪੋਜ਼ਿੰਗ,ਪ੍ਰਿੰਟਿੰਗ,ਪੇਸਟਿੰਗ ਵਗੈਰਾ ਵਗੈਰਾ ਮੈਂ ਖੁਦ ਕਰਨਾ ਸਿੱਖ ਲਿਆ। ਚੜਦੇ ਪੰਜਾਬ ਤੋਂ ਇੱਕ


GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ
ਪੇਂਟ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ
ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750

ਮਨ ਮਨੁੱਖ ਦੀ ਕੁੰਜੀ ਹੈ
Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases

"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

TMG LOGISTICS INC.
Need Owner Operators
NOW HIRING
*Vancouver to California *California to Alberta Back Vancouver
*Vancouver to East USA Return
Good Paying Loads

Need Company Drivers
Single Driver Pay 52cents/mile
Team Drivers 32 cents/mile
FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

ਆਰਟਿਸਟ ਗੁਰਦੀਪ ਸਿੰਘ 'ਦੀਪ' ਮੇਰੇ ਨਾਲ ਜੁੜ ਗਏ ਉਹਨਾਂ ਨੇ ਮੇਰੀ ਬਹੁਤ ਮਦਦ ਕੀਤੀ। ਅੱਜ ਤੱਕ ਮੈਂ 'ਪਖੇਰੂ' ਦਾ ਦਫਤਰ ਵੀ ਨਹੀਂ ਖੋਲਿਆ। ਘਰ ਵਿੱਚ ਹੀ ਵਿੱਚ ਸਾਰਾ ਕੰਮ ਕਰਦਾ ਹਾਂ। ਮੈਂ ਹਰ ਮਹੀਨੇ 74 ਰੇਲਵੇ ਸਟੇਸ਼ਨਾਂ ਤੇ ਫਰੀ ਪਰਚਾ ਭੇਜਦਾ ਹਾਂ। ਪਿੰਡਾਂ ਅਤੇ ਸਕੂਲਾਂ ਵਿੱਚ ਵੀ ਫਰੀ ਪਰਚਾ ਭੇਜਦਾ ਹਾਂ। ਜਦ ਕਦੇ ਪੈਸੇ ਦੀ ਕਮੀ ਹੁੰਦੀ ਹੈ ਤਾਂ ਮੈਂ ਬਲੈਕ ਐਂਡ ਵਾਈਟ ਪਰਚਾ ਛਾਪ ਦਿੰਦਾ ਹਾਂ ਜਾਂ ਸਫੇ ਘੱਟ ਕਰ ਲੈਂਦਾ ਹਾਂ। ਇੱਕ ਮਹੀਨਾ ਰੰਗਦਾਰ ਅਤੇ ਇੱਕ ਮਹੀਨਾ ਬਲੈਕ ਐਂਡ ਵਾਈਟ ਪਰਚਾ ਵੀ ਛਾਪਿਆ। ਇੱਕ ਵਾਰ 1999 ਵਿੱਚ ਮੈਂ ਪਰਚਾ ਛਾਪਿਆ ਜਿਸ ਦਾ ਐਡੀਟੋਰੀਅਲ ਸੀ- 'ਪਖੇਰੂ ਦੀ ਆਪ ਬੀਤੀ,ਪਖੇਰੂ ਦੇ ਕਰਮ ਤੋਂ'। ਇਹ ਪਰਚਾ ਮੈਂ ਛਾਪ ਤਾਂ ਲਿਆ ਪਰ ਪੈਸੇ ਨਾ ਹੋਣ ਕਾਰਨ ਪੋਸਟ ਨਾ ਕਰ ਸਕਿਆ। ਹਾਲਾਂਕਿ ਉਦੋਂ ਪਰਚਾ 25 ਪੈਸੇ ਵਿੱਚ ਪੋਸਟ ਹੁੰਦਾ ਸੀ। ਉਹ ਪਰਚਾ ਦੋ-ਤਿੰਨ ਮਹੀਨੇ ਘਰ ਪਿਆ ਰਿਹਾ। ਜਦੋਂ ਭਲੂਰੀਆ ਜੀ ਉਸ ਛਪੇ ਨਵੇਂ ਪਰਚੇ ਤੇ ਮੇਰੀ ਨਜ਼ਰ ਪੈਂਦੀ ਤਾਂ ਮੈਂ ਬੇਵਸ ਹੋ ਕੇ ਰਹਿ ਜਾਂਦਾ। ਪਰ ਜਿਵੇਂ ਮੈਂ ਪਹਿਲਾਂ ਹੀ ਦੱਸਿਆ ਹੈ ਕਿ ਮੇਰੀ ਮੰਗਣ ਦੀ ਆਦਤ ਨਹੀਂ। ਮੈਂ ਫਿਰ ਹਿੰਮਤ ਕਰਕੇ ਅਗਲਾ ਪਰਚਾ ਛਾਪਿਆ ਜਿਸ ਦਾ ਐਡੀਟੋਰੀਅਲ ਸੀ- 'ਪਖੇਰੂ ਦੀ ਆਖਰੀ ਉਡਾਰੀ'। ਫਿਰ ਇਹ ਪਰਚਾ ਪਹੁੰਚਣ ਤੋਂ ਬਾਅਦ ਮੇਰੇ ਦੋਸਤਾਂ ਨੇ ਕਿਹਾ ਕਿ ਸੁਹੇਲ ਸਾਬ੍ਹ ਪਰਚਾ ਬੰਦ ਨਾ ਕਰੋ, ਸਫੇ ਘੱਟ ਕਰ ਲਉ,ਬਲੈਕ ਐਂਡ ਵਾਈਟ ਛਾਪ ਲਉ,ਪਰ ਪਰਚਾ ਚਾਲੂ ਰੱਖੋ। ਐਨ ਉਸੇ ਸਮੇਂ ਪੰਜਾਬੀ ਸੱਥ ਲਾਂਬੜਾਂ (ਜਲੰਧਰ)ਤੋਂ ਮੈਨੂੰ ਐਵਾਰਡ ਦੇਣ ਦਾ ਪੱਤਰ ਮਿਲ ਗਿਆ। ਉਸ ਅਵਾਰਡ ਨੇ ਮੈਨੂੰ ਬੇਹਦ ਹਿੰਮਤ ਤੇ ਹੌਸਲਾ ਦਿੱਤਾ ਤਾਂ ਮੈਂ ਅਗਲਾ ਪਰਚਾ ਛਾਪਣ ਦੇ ਕਾਬਲ ਹੋ ਗਿਆ। ਉਸ ਦਿਨ ਤੋਂ ਬਾਅਦ 'ਪਖੇਰੂ'ਅੱਜ ਤੱਕ ਛਪ ਰਿਹਾ ਹੈ ਅਤੇ ਪਾਠਕਾਂ ਤੱਕ ਪਹੁੰਚ ਵੀ ਰਿਹਾ ਹੈ। ਉਸ ਤੋਂ ਬਾਅਦ 2011 ਵਿੱਚ ਅਤੇ 2019 ਵਿੱਚ ਦੋ ਵਾਰ ਮੇਰੇ ਦਿਮਾਗ ਦਾ ਆਪਰੇਸ਼ਨ ਹੋਇਆ ਡਾਕਟਰਾਂ ਨੇ ਕਿਹਾ ਆਪਰੇਸ਼ਨ ਤੋਂ ਬਾਅਦ ਤਿੰਨ ਮਹੀਨੇ ਕੰਮ ਨਹੀਂ ਕਰਨਾ,ਤਾਂ ਮੈਂ ਦੋਵੇਂ ਵਾਰ ਤਿੰਨ-ਤਿੰਨ ਮਹੀਨੇ ਦੇ ਪਰਚੇ ਪਹਿਲਾਂ ਹੀ ਛਾਪ ਲੈਂਦਾ ਸਾਂ। ਪਰ ਪਰਚਾ ਛਪਣ ਵਿੱਚ ਰੁਕਾਵਟ ਨਹੀਂ ਆਉਣ ਦਿੱਤੀ।

**ਸਵਾਲ-ਪਾਕਿਸਤਾਨ ਵਿੱਚ ਪੰਜਾਬੀ ਜ਼ੁਬਾਨ ਦੀ ਕੀ ਹਾਲਤ ਹੈ ਤੇ ਇਸ ਦੀ ਬੇਹਤਰੀ ਲਈ ਤੁਸੀਂ ਕੀ ਉਪਰਾਲੇ ਕਰ ਰਹੇ ਹੋ ?**

-ਜਵਾਬ-ਪਾਕਿਸਤਾਨ ਵਿੱਚ ਪੰਜਾਬੀ ਜ਼ੁਬਾਨ ਦੀ ਹਾਲਤ ਚੜਦੇ ਪੰਜਾਬ ਨਾਲੋਂ ਬਹੁਤ ਮਾੜੀ ਹੈ,ਕਿਉਂਕਿ ਪਾਕਿਸਤਾਨ ਵਿੱਚ ਸਕੂਲਾਂ ਵਿੱਚ ਪੰਜਾਬੀ ਨਹੀਂ ਪੜ੍ਹਾਈ ਜਾਂਦੀ। ਇਸ ਦਾ ਸਿੱਧਾ ਅਸਰ 'ਪਖੇਰੂ'ਦੇ ਪਾਠਕਾਂ ਤੇ ਵੀ ਪੈਂਦਾ ਹੈ। ਦਿਨੋ ਦਿਨ ਲੋਕ ਪੰਜਾਬੀ ਜ਼ੁਬਾਨ ਨਾਲੋਂ ਟੁੱਟ ਰਹੇ ਹਨ। ਹਰ ਸਾਲ 21 ਫਰਵਰੀ ਨੂੰ ਜਾਂ ਜਦੋਂ ਕਦੇ ਪੰਜਾਬੀ ਜ਼ੁਬਾਨ ਨਾਲ ਧੱਕਾ ਹੁੰਦਾ ਹੋਵੇ, ਅਸੀਂ ਆਪਣੀ ਮਾਦਰੀ ਜ਼ੁਬਾਨ ਨੂੰ ਬਣਦਾ ਹੱਕ ਦਵਾਉਣ ਲਈ ਵੱਖ ਵੱਖ ਸ਼ਹਿਰਾਂ ਵਿੱਚ ਰੈਲੀਆਂ ਕਰਕੇ ਸਰਕਾਰ ਤੱਕ ਆਪਣੀ ਆਵਾਜ਼ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਾਂ। ਮੈਂ ਸਕੂਲਾਂ ਵਿੱਚ ਪੰਜਾਬੀ ਪੜਾਉਣ ਲਈ ਸਿਲੇਬਸ ਦੀਆਂ ਕਿਤਾਬਾਂ ਵੀ ਤਿਆਰ ਕਰ ਲਈਆਂ ਹਨ। ਪਰ ਅਗਲਾ ਕੰਮ ਸਰਕਾਰਾਂ ਦਾ ਹੈ।

**ਸਵਾਲ-ਸੁਹੇਲ ਜੀ ਤੁਸੀਂ ਬੜੀ ਸਖਤ ਮਿਹਨਤ ਕੀਤੀ ਹੈ ਤੇ ਕਰ ਰਹੇ ਹੋ,ਜਾਹਿਰ ' ਫ਼ਿ ਤੁਹਾਨੂੰ ਬਹੁਤ ਸਾਰੇ ਮਾਨ ਸਨਮਾਨ ਵੀ ਮਿਲੇ ਹੋਣਗੇ। ਉਹ ਆਪਣੇ ਪਾਠਕਾਂ ਨਾਲ ਸਾਂਝੇ ਕਰੋ ?**

ਜਵਾਬ-ਇਸ ਨਿਮਾਣੇ ਜਿਹੇ ਬੰਦੇ ਨੂੰ ਦੇਸ਼ ਵਿਦੇਸ਼ ਤੋਂ ਬਹੁਤ ਸਾਰੇ ਅਦਾਰਿਆਂ ਨੇ ਮਾਣ ਬਖਸ਼ਿਆ ਹੈ।ਸਾਰੇ ਤਾਂ ਯਾਦ ਨਹੀਂ ਉਹਨਾਂ ਵਿੱਚੋਂ ਕਨੇਡਾ ਤੋਂ ਆਸ਼ੀਸ਼ ਅਵਾਰਡ, ਡਾ: ਫਕੀਰ ਮੁਹੰਮਦ ਫਕੀਰੀ ਐਵਾਰਡ (2003) ਵਿੱਚ,ਸਾਥੀ ਐਵਾਰਡ (ਕਰਾਚੀ ਤੋਂ), ਤਬੱਸਮੀ ਐਵਾਰਡ (2007),ਹਾਸ਼ਮ ਸ਼ਾਹ ਐਵਾਰਡ, ਕਾਰਵਾਂ-ਏ-ਅਦਬੀ ਐਵਾਰਡ, ਇਸ਼ਕ ਲਹਿਰ ਅਦਬੀ ਐਵਾਰਡ,ਪੰਜਾਬੀ ਸੱਥ ਲਾਂਬੜਾਂ ਜਲੰਧਰ ਤੋਂ (ਪ੍ਰੋ: ਤਰਲੋਚਨ ਸਿੰਘ ਬਾਠੀਆ ਅਵਾਰਡ),ਗਿੰਮੀ ਐਵਾਰਡ ਯੂ. ਖੇ. ਤੋਂ,ਪਾਕਿਸਤਾਨ ਤੋਂ ਖੱਦਰਪੋਸ਼ ਟਰਸਟ ਵੱਲੋਂ ਮੇਰੀਆਂ ਤਿੰਨ ਕਿਤਾਬਾਂ ਨੂੰ ਐਵਾਰਡ ਦਿੱਤਾ ਹੈ, ਪੰਜਾਬੀ ਸੱਥ ਲਾਂਬੜਾਂ ਜਲੰਧਰ ਤੋਂ (ਡਾ: ਫਕੀਰ ਮੁਹੰਮਦ ਫਕੀਰੀ ਐਵਾਰਡ), 'ਜਾਗਦੇ ਰਹਿਣਾ' ਕਿਤਾਬ ਲਈ (ਆਰਫ ਮੈਮੋਰੀਅਲ ਐਵਾਰਡ),ਪੰਜਾਬੀ ਸੱਥ ਲਾਂਬੜਾਂ ਜਲੰਧਰ ਤੋਂ (ਬੱਚਿਆਂ ਦੀ ਅਦਬੀ ਖਿਦਮਤ ਲਈ ਐਵਾਰਡ), ਕੈਨੇਡਾ ਤੋਂ 'ਕਲਮ ਫਊਂਡੇਸ਼ਨ ਐਵਾਰਡ' ਕੈਨੇਡਾ ਤੋਂ (ਪੰਜਾਬ ਦੀ ਅਵਾਜ਼ ਐਵਾਰਡ), ਮੈਂਬਰ ਆਫ ਕੌਂਸਲ ਫਾਰ ਕਾਰਪੋਰੇਸ਼ਨ ' ਫਸਿਟੀ ਬਰੈਂਪਟਨ (ਗੁਰਪ੍ਰੀਤ ਸਿੰਘ ਢਿੱਲੋਂ ),ਪੰਜਾਬ ਸਰਕਾਰ ਪਾਕਿਸਤਾਨ ਵੱਲੋਂ ਬਾਲ ਅਦਬ ਦੀ ਸੇਵਾ ਲਈ ਇੱਕ ਲੱਖ ਦਾ ਨਗਦ ਇਨਾਮ ਦਿੱਤਾ ਹੈ।।

**ਸਵਾਲ-ਕੀ ਤੁਸੀਂ ਆਪਣੇ ਹੁਣ ਤੱਕ ਦੇ ਅਦਬੀ ਕਾਰਜ ਤੋਂ ਸੰਤੁਸ਼ਟ ਹੋ?**

-ਜਵਾਬ-ਭਲੂਰੀਆ ਜੀ ਮੇਰੇ ਕਈ ਤਰਜਮਾ ਕੀਤੇ ਨਾਵਲ ਸਕੂਲਾਂ/ਕਾਲਜਾਂ ਦੇ ਸਿਲੇਬਸ ਵਿੱਚ ਲੱਗੇ ਹੋਏ ਹਨ। 'ਪਖੇਰੂ' ਦੇ ਕਈ ਅੰਕਾਂ ਤੇ ਐਮ. ਫਿਲ, ਪੀ. ਐਚ. ਡੀ. ਹੋ ਚੁੱਕੀ ਹੈ। ਫੈਸਲਾਬਾਦ ਵੋਮੈਨ ਯੂਨੀਵਰਸਿਟੀ ਤੋਂ ਬੀਬਾ ਅਨੀਕਾ ਸ਼ਹਿਜ਼ਾਦੀ ਨੇ 'ਅਸ਼ਰਫ ਸੁਹੇਲ ਦੀ ਬਾਲ ਅਦਬ ਨੂੰ ਦੇਣ' ਵਿਸ਼ੇ ਤੇ ਐਮ. ਫਿਲ ਕੀਤੀ ਹੈ। ਚੜਦੇ ਪੰਜਾਬ ਵਿੱਚ ਵੀ 'ਪਖੇਰੂ' ਤੇ ਕਾਫੀ ਕੰਮ ਹੋਇਆ ਹੈ। ਬਾਕੀ ਅੱਲਾ ਪਾਕ ਦੀ ਮਿਹਰ ਹੈ।

**ਸਵਾਲ-ਭਵਿੱਖ ਦੀ ਕੋਈ ਖਾਸ ਯੋਜਨਾ ਹੋਵੇ ਤਾਂ ਦੱਸੋ ਸੁਹੇਲ ਸਾਹਿਬ ?**

-ਜਵਾਬ-ਕੋਈ ਖਾਸ ਨਹੀਂ ਜਨਾਬ, ਮੈਂ ਆਪਣੇ ਤਨੋਂ ਮਨੋਂ ਕੰਮ ਕਰ ਰਿਹਾ ਹਾਂ ਅਤੇ ਜਦ ਤੱਕ ਸਰੀਰ ਵਿੱਚ ਸਾਹ ਚਲਦੇ ਹਨ ਕਰਦਾ ਰਹਾਂਗਾ, ਹਾਂ ਜਨਵਰੀ 2024 ਦਾ 'ਪਖੇਰੂ' ਛਪ ਕੇ ਤਿਆਰ ਹੈ। ਇਹ 19 ਨਾਵਲਾਂ ਦਾ 1200 ਸਫੇ ਦਾ 'ਪਖੇਰੂ' ਅੰਕ ਦੋ ਜਿਲਦਾਂ ਵਿੱਚ ਛਪ ਚੁੱਕਾ ਹੈ।

**ਸਵਾਲ- ਸੁਹੇਲ ਸਾਬ੍ਹ ਆਖਰੀ ਸਵਾਲ, ਕੀ ਤੁਸੀਂ ਪੰਜਾਬੀ ਅਵਾਮ ਨੂੰ ਕੋਈ ਸੁਨੇਹਾ ਦੇਣਾ ਚਾਹੋਗੇ ?**

-ਜਵਾਬ-ਭਲੂਰੀਆ ਜੀ ਕਿਸੇ ਵੀ ਇਮਾਰਤ ਦੀ ਨੀਂਹ ਵਿੱਚ ਲੱਗੇ ਹੋਏ ਪੱਥਰ ਨਜ਼ਰ ਨਹੀਂ ਆਉਂਦੇ। ਪਰ ਜੋ ਇਮਾਰਤ ਉਨਾਂ ਪੱਥਰਾਂ ਉੱਤੇ ਤਾਮੀਰ ਹੁੰਦੀ ਹੈ, ਉਹ ਸਭ ਨੂੰ ਦੂਰੋਂ ਹੀ ਨਜ਼ਰ ਆਉਂਦੀ ਹੈ। ਮੈਂ ਤਾਂ ਨੀਂਹ ਵਿੱਚ ਲੱਗੇ ਉਨਾਂ ਪੱਥਰਾਂ ਵਾਂਗ ਹਾਂ ਜਿਹੜੇ ਨਜ਼ਰ ਨਹੀਂ ਆਉਂਦੇ। ਮੈਂ ਤਾਂ ਇਸੇ ਕੋਸ਼ਿਸ਼ ਵਿੱਚ ਲੱਗਾ ਹੋਇਆ ਹਾਂ ਕਿ ਇਸ ਨੀਂਹ ਉੱਤੇ ਤਾਮੀਰ ਹੋਣ ਵਾਲੀ ਇਮਾਰਤ ਖੂਬਸੂਰਤ ਅਤੇ ਮਜਬੂਤ ਬਣੇ। ਇਹ ਤਾਂ ਹੀ ਹੋ ਸਕਦਾ ਹੈ ਜੇ ਪੰਜਾਬੀ 'ਪਖੇਰੂ' ਦੇ ਪੰਖ ਹੋਰ ਮਜਬੂਤ ਕਰਨਗੇ। ਤਾਂ ਹੀ 'ਪਖੇਰੂ' ਹੋਰ ਉੱਚੀ ਉਡਾਰੀ ਭਰ ਸਕੇਗਾ। ਇਹ ਪੰਜਾਬੀਆਂ ਦੇ ਸਹਿਯੋਗ ਤੋਂ ਬਿਨਾਂ ਨਹੀਂ ਹੋ ਸਕਦਾ। ਦੁਨੀਆਂ ਭਰ ਵਿੱਚ ਵੱਸਦੇ ਪੰਜਾਬੀਆਂ ਨੂੰ ਮੇਰੀ ਦਰਖਾਸਤ ਹੈ ਕਿ ਤੁਸੀਂ ਵੱਧ ਤੋਂ ਵੱਧ ਤਨੋਂ-ਮਨੋਂ 'ਪਖੇਰੂ' ਨਾਲ ਜੁੜੋ। 'ਪਖੇਰੂ' ਤੁਹਾਡਾ ਹੈ। ਆਉਣ ਵਾਲੀਆਂ ਪੀੜੀਆਂ ਨੂੰ ਪੰਜਾਬੀ ਮਾਂ ਬੋਲੀ ਨਾਲ ਜੋੜਨ ਲਈ ਇਹ ਅਤਿ ਜਰੂਰੀ ਹੈ। ਜਿੰਨਾਂ ਸ਼ਖਸ਼ੀਅਤਾਂ ਨੇ ਹੁਣ ਤੱਕ ਸਹਿਯੋਗ ਦਿੱਤਾ ਹੈ, 'ਪਖੇਰੂ' ਦੀ ਹੌਸਲਾਅਫਜ਼ਾਈ ਕੀਤੀ ਹੈ। ਉਨਾਂ ਦਾ ਤਹਿ ਦਿਲੋਂ ਸ਼ੁਕਰੀਆ।-

*ਮੁਲਾਕਾਤੀ-ਜਸਵੀਰ ਸਿੰਘ ਭਲੂਰੀਆ

ਸਰੀ (ਕੈਨੇਡਾ)+1-236-888-5456 * ਵਟਸਅਪ- +91-99159-95505

# ਭਾਰਤ ਬਣਿਆ 'ਚੋਣਕਾਰੀ ਤਾਨਾਸ਼ਾਹ' ਦੇਸ਼

ਨਵੀਂ ਦਿੱਲੀ: ਵੀ-ਡੈਮ (ਜਮਹੂਰੀਅਤ ਦੀਆਂ ਕਿਸਮਾਂ) ਸੰਸਥਾ ਦੀ ਲੋਕਤੰਤਰ ਰਿਪੋਰਟ-2024 ਦੇ ਅਨੁਸਾਰ, ਭਾਰਤ ਵਿੱਚ ਚੋਣਕਾਰੀ ਤਾਨਾਸ਼ਾਹੀ ਹੈ।ਰਿਪੋਰਟ ਮੁਤਾਬਕ ਭਾਰਤ 2023 ਵਿੱਚ ਚੋਟੀ ਦੇ 10 ਦੇਸ਼ਾਂ ਵਿੱਚ ਸ਼ਾਮਲ ਹੈ, ਜਿੱਥੇ ਆਪਣੇ ਆਪ ਵਿੱਚ ਪੂਰੀ ਤਰ੍ਹਾਂ ਤਾਨਾਸ਼ਾਹੀ ਜਾਂ ਤਾਨਾਸ਼ਾਹੀ ਸ਼ਾਸਨ ਪ੍ਰਣਾਲੀ ਹੈ।

ਡੈਮੋਕਰੇਸੀ ਵਿਨਿੰਗ ਐਂਡ ਲੌਜ਼ਿੰਗ ਐਟ ਦਿ ਬੈਲਟ' ਸਿਰਲੇਖ ਵਾਲੀ ਰਿਪੋਰਟ ਵਿੱਚ ਕਿਹਾ ਗਿਆ ਹੈ, 'ਇਸ ਸਮੂਹ ਦੇ ਦਸ ਵਿੱਚੋਂ ਅੱਠ ਦੇਸ਼ ਤਾਨਾਸ਼ਾਹੀ ਦੀ ਸ਼ੁਰੂਆਤ ਤੋਂ ਪਹਿਲਾਂ ਲੋਕਤੰਤਰੀ ਸਨ। ਉਨ੍ਹਾਂ 8 ਵਿੱਚੋਂ 6 ਦੇਸ਼ਾਂ ਵਿੱਚ ਲੋਕਤੰਤਰ ਖਤਮ ਹੋ ਗਿਆ - ਕੋਮੋਰੋਸ, ਹੰਗਰੀ, ਭਾਰਤ, ਮਾਰੀਸ਼ਸ, ਨਿਕਾਰਾਗੁਆ ਅਤੇ ਸਰਬੀਆ। 2023 ਵਿੱਚ ਸਿਰਫ਼ ਗ੍ਰੀਸ ਅਤੇ ਪੋਲੈਂਡ ਹੀ ਲੋਕਤੰਤਰ ਬਣੇ ਹੋਏ ਹਨ। ਲੋਕਤੰਤਰ ਦੇ ਪਤਨ ਦੀ ਇਹ ਬਾਰੰਬਾਰਤਾ ਇੱਕ ਤਾਜ਼ਾ ਅਧਿਐਨ ਨਾਲ ਮੇਲ ਖਾਂਦੀ ਹੈ ਜੋ ਦਰਸਾਉਂਦੀ ਹੈ ਕਿ 80 ਪ੍ਰਤੀਸ਼ਤ ਲੋਕਤੰਤਰ ਰਾਸ਼ਟਰ ਵਾਦ ਦੇ ਨਾਮ ਥੱਲੇ ਢਹਿ ਜਾਂਦੇ ਹਨ ਤੇ ਉਹ ਤਾਨਾਸ਼ਾਹੀ ਬਣਨਾ ਸ਼ੁਰੂ ਕਰ ਦਿੰਦੇ ਹਨ।

ਇਸ ਵਿਚ ਕਿਹਾ ਗਿਆ ਹੈ, 'ਸਾਲਾਂ ਤੋਂ, ਭਾਰਤ ਵਿਚ ਤਾਨਾਸ਼ਾਹੀ ਦੀ ਪ੍ਰਕਿਰਿਆ ਵੱਧ ਰਹੀ ਹੈ, ਜਿਸ ਵਿਚ ਪ੍ਰਗਟਾਵੇ ਦੀ ਆਜ਼ਾਦੀ ਵਿਚ ਹੌਲੀ-ਹੌਲੀ ਪਰ ਮਹੱਤਵਪੂਰਨ ਗਿਰਾਵਟ, ਮੀਡੀਆ ਦੀ ਆਜ਼ਾਦੀ ਨਾਲ ਸਮਝੌਤਾ, ਸੋਸ਼ਲ ਮੀਡੀਆ 'ਤੇ ਸ਼ਿਕੰਜਾ, ਸਰਕਾਰ ਦੀ ਆਲੋਚਨਾ ਕਰਨ ਵਾਲੇ ਪੱਤਰਕਾਰਾਂ 'ਤੇ ਸ਼ਿਕੰਜਾ ਕੱਸਣਾ ਸ਼ਾਮਲ ਹੈ। ਲੋਕਾਂ ਦੇ ਨਾਲ-ਨਾਲ ਸਿਵਲ ਸੁਸਾਇਟੀ 'ਤੇ ਹਮਲੇ ਅਤੇ ਵਿਰੋਧੀ ਧਿਰ ਨੂੰ ਧਮਕਾਉਣਾ। ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਾਲੀ ਸੱਤਾਧਾਰੀ ਬਹੁਲਵਾਦ ਵਿਰੋਧੀ, ਹਿੰਦੂ-ਰਾਸ਼ਟਰਵਾਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਉਦਾਹਰਣ ਵਜੋਂ ਆਲੋਚਕਾਂ ਨੂੰ ਚੁੱਪ ਕਰਾਉਣ ਲਈ ਦੇਸ਼ਧ੍ਰੋਹ, ਮਾਣਹਾਨੀ ਅਤੇ ਅੱਤਵਾਦ ਵਿਰੋਧੀ ਕਾਨੂੰਨਾਂ ਦੀ ਵਰਤੋਂ ਕੀਤੀ ਹੈ। ਭਾਜਪਾ ਸਰਕਾਰ ਨੇ 2019 ਵਿੱਚ ਗੈਰਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂਏਪੀਏ) ਵਿੱਚ ਸੋਧ ਕਰਕੇ ਧਰਮ ਨਿਰਪੱਖਤਾ ਪ੍ਰਤੀ ਸੰਵਿਧਾਨ ਦੀ ਵਚਨਬੱਧਤਾ ਨੂੰ ਕਮਜ਼ੋਰ ਕਰ ਦਿੱਤਾ।



ਰਿਪੋਰਟ ਵਿਚ ਅੱਗੇ ਕਿਹਾ ਗਿਆ ਹੈ, 'ਮੋਦੀ ਦੀ ਅਗਵਾਈ ਵਾਲੀ ਸਰਕਾਰ ਧਾਰਮਿਕ ਅਧਿਕਾਰਾਂ ਦੀ ਆਜ਼ਾਦੀ ਨੂੰ ਵੀ ਦਬਾ ਰਹੀ ਹੈ। ਅਕਾਦਮਿਕ ਖੇਤਰ ਵਿੱਚ ਅਸਹਿਮਤੀ ਨੂੰ ਦਬਾਉਣ ਦੇ ਨਾਲ-ਨਾਲ ਰਾਜਨੀਤਿਕ ਵਿਰੋਧੀਆਂ ਅਤੇ ਸਰਕਾਰੀ ਨੀਤੀਆਂ ਦਾ ਵਿਰੋਧ ਕਰਨ ਵਾਲੇ ਲੋਕਾਂ ਨੂੰ ਡਰਾਉਣਾ ਵੀ ਹੁਣ ਪ੍ਰਚਲਿਤ ਹੋ ਗਿਆ ਹੈ।

ਇਸ ਤੋਂ ਪਹਿਲਾਂ ਸਾਲ 2022 ਦੀ ਰਿਪੋਰਟ 'ਚ ਕਿਹਾ ਗਿਆ ਸੀ ਕਿ ਭਾਰਤ ਤਾਨਾਸ਼ਾਹੀ ਦੇਸ਼ਾਂ ਦੀ ਸੂਚੀ 'ਚ ਟਾਪ 10 'ਚ ਹੈ ਅਤੇ ਇੱਥੇ ਸਥਿਤੀ ਹੋਰ ਵਿਗੜ ਜਾਵੇਗੀ। ਇਸ ਤੋਂ ਪਹਿਲਾਂ ਸਾਲ 2021 ਦੀ ਰਿਪੋਰਟ 'ਚ ਕਿਹਾ ਗਿਆ ਸੀ ਕਿ 2014 'ਚ ਭਾਰਤ 'ਚ ਭਾਜਪਾ ਦੀ ਮੋਦੀ ਸਰਕਾਰ ਆਉਣ ਅਤੇ ਉਸ ਵੱਲੋਂ ਹਿੰਦੂ-ਰਾਸ਼ਟਰੀ ਏਜੰਡੇ ਨੂੰ ਅੱਗੇ ਵਧਾਉਣ ਤੋਂ ਬਾਅਦ ਲੋਕਤੰਤਰ ਦੇ ਪੱਧਰ 'ਚ ਵੱਡੀ ਗਿਰਾਵਟ ਆਈ ਹੈ।


**Injured in an accident?**
**ICBC claim?**

**We can help.**

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀਂ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa,
*B.Sc., L.L.B (UBC)*

RM TRIAL LAWYERS

MANDEEP RANDHAWA LAW CORPORATION

**T 604 449 7500**

#200 – 6245 136th Street, Surrey, BC, V3X 1H3

• F 604 449 7501 • TF 1 888 449 7573 • www.rmlawyers.ca

DREAM BANQUET HALL

Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events


Capacity
350-375 seats

Dream Catering "Your Venue, Our Food"

We provide various Menu Options to choose


ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: 604-203-7272

7236 -120St, Surrey, BC Email:info@dreambanquethall.ca

.Ck Auto.

CK AUTO SERVICES LTD.


«Tune Ups «Oil Change
«Wheel alignment
«Transmission «Electrical
«Air Condition
«Electronic Fuel Injection
«Brakes «Repairs
«Propane & Natural Gas
«Computerized Wheel Alignment
«Tires & Wheel Balancing

AUTO REPAIR SERVICES


-REASONABLE RATES
-EXPERIENCED -QUALITY WORK

.Ck Auto.


TARSHOTAM BIRAN

Cell: 778-322-1610
Tel: 604-592-2667
#106-13112-84th Ave.,Surrey
Open Mon to Sat 9 am to 6pm
SUNDAY CLOSED

SARDAR JI CATERING

ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ
(India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ
ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

# ਮਦਰ ਇੰਡੀਆ

## CELEBRATING 51 IN BUSINESS

# ਸ਼ਿਲਾਜੀਤ




ਗੋਡਿਆਂ ਮੋਢਿਆਂ ਦੇ ਦਰਦ ਤੋਂ ਨਿਜਾਤ
ਪਾਉਣ ਲਈ ਮਦਰ ਇੰਡੀਆ ਦੀ
ਖਾਲਸ ਸ਼ਿਲਾਜੀਤ ਵਰਤੋ ਜੋ ਅਨਰਜੀ
ਬੂਸਟ ਲਈ ਅਤਿਅੰਤ ਲਾਹੇਵੰਦ ਹੈ

Mother india

# Attar (Profume)

Now Available







ਨਰੇਸ਼ ਸ਼ੁਕਲਾ

Email:nareshcanada@hotmail.com

6647-Main Street (50th Ave.)
Vancouver BC V5X 3H3




ਮਦਰ ਇੰਡੀਆ ਹਰਬਲ ਸ਼ੈਂਪੂ
ਹੁਣ 8 ਰੰਗਾਂ ਵਿਚ ਮਿਲਦਾ ਹੈ

# TEL: 604-430-6072

# VERTEX
PERFORMANCE

SPECIAL **FREE NECK PILLOW**

## ਅਸੀਂ ਹੇਠ ਲਿਖੇ ਕੇਸ ਲੈਂਦੇ ਹਾਂ

- ਐਮ ਐਸ ਪੀ ਅਤੇ ਪ੍ਰਾਈਵੇਟ ਕੇਸ
- ਆਈ ਸੀ ਬੀ ਸੀ / ਵਰਕਸੇਫ ਬੀ.ਸੀ
- ਨਵੇਂ ਮਰੀਜ਼ ਵੀ ਆ ਸਕਦੇ ਹਨ

## ਅਸੀਂ ਹੇਠ ਲਿਖੇ ਕੇਸਾਂ 'ਚ ਮੁਹਾਰਤ ਰੱਖਦੇ ਹਾਂ

- ਕਾਰ ਦੁਰਘਟਨਾ ਨਾਲ ਲੱਗੀਆਂ ਸੱਟਾਂ
- ਪਿੱਠ, ਗੋਡੇ, ਧੌਣ ਅਤੇ ਮੋਢਿਆਂ ਦੀ ਦਰਦ
- ਹੀਟ ਅਤੇ ਮਸਾਜ ਥੈਰੇਪੀ
- ਕੰਮ ਵਾਲੀ ਥਾਂ ਦੀਆਂ ਸੱਟਾਂ
- ਸਿਰਦਰਦ
- ਖੇਡਾਂ ਦੀਆਂ ਸੱਟਾਂ
- ਉਲਝਣ / ਚੱਕਰ



## WE ACCEPT

- ICBC/WORK SAFE BC Claims
- MSP & Private Pay Patients
- New Patients Welcome

## WE TREAT

- Car Accident Injuries
- Work Place Injuries
- Back, Neck, Shoulder & Knee Pain
- Post Surgical Therapy
- Headaches
- Sports Injuries
- Concussion / Vertigo

## ਅਸੀਂ ਪੇਸ਼ ਕਰਦੇ ਹਾਂ

- ਸਿਹਤ ਯੋਜਨਾਵਾਂ ਲਈ ਸਿੱਧੀ ਬਿਲਿੰਗ
- ਆਨਲਾਈਨ ਬੁਕਿੰਗ ਵੀ ਕਰਦੇ ਹਾਂ

**UNIT# 201- 7110-**
**120TH STREET, SURREY**
(2ND FLOOR, FIRST DOOR ON THE RIGHT)

*APPOINTMENT BOOKING:*
**604-596-6775**
admin@vertexperformance.ca
www.vertexperformance.ca
*ONLINE BOOKING*

## WE OFFER

- Direct Billing to Extended Health Plans
- Online Booking



GARRY SARAN
CHIROPRACTOR

WE ARE OFFERING
$50 MASSAGE FOR
1 HOUR TREATMENT



GURNEET COMBOW
BODY WORKER



VINCENT WANG
ACUPUNCTURIST & HERBALIST



SANKLAP THAKUR
MASSAGE THERAPIST



IAREN RAI
CLINICAL COUNSELLOR



SAMREEN SANDHU
KINESIOLOGIST




HARPREET SINGH
PHYSIOTHERAPIST

# ਮੁੜ ਵਸੇਬਾ ਕਲੀਨਿਕ

SERVING YOU SINCE 2006

SURREY'S LEADING **REHABILITION CLINIC**


www.deltondentures.com
DELTON DENTURE CLINIC LTD.
Denturists Are Denture Specialist
ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ
• Complete Dentures
• Immediate Dentures
• Partial Dentures
• Dentures Over Implants
• Same Day Relines
• Repairs, Soft Linings
• Sport Guards
ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ
WE ARE DENTURISTS
CONSUMER CHOICE AWARD 2018 VANCOUVER
Business Category Denturist
ਅਸੀਂ ਜੁਬਾੜੇ ਬਣਾਉਂਦੇ ਹਾਂ
Get a Beautiful Smile
Chris Kozakiewicz
BSc., R.D.
Mon-Fri: 9am-5pm, Saturdays By Appointment
Scott 72 Shopping Centre
#209- 7313-120th St., Delta ( Above London Drugs & Staples )
604.590.1111


• ਇੰਸ਼ੋਰੈਂਸ ਦੀਆਂ ਸਾਰੀਆਂ ਵੱਡੀਆਂ ਪਲੈਨਾਂ ਲੈਂਦੇ ਹਾਂ • ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਬੋਲਦੇ ਹਾਂ
• ਸ਼ਾਮ ਅਤੇ ਵੀਕਐਂਡ ਦੀਆਂ ਅਪਾਇੰਟਮੈਂਟਾਂ ਉਪਲਬੱਧ ਹਨ • ਸਕਾਟ ਰੋਡ ਗੁਰਦਵਾਰਾ ਦੇ ਨੇੜੇ, ਸਤਨਾਮ ਪਲਾਜ਼ਾ ਵਿੱਚ
ਪਿਛਲੇ 10 ਸਾਲਾਂ ਤੋਂ ਉੱਪਰ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ ਹਾਂ
For your family.. healthy beautiful smiles!
ਸੇਵਾਵਾਂ :
• ਜਾੜ ਭਰਨੀ
• ਦੰਦ ਕੱਢਣੇ
• ਕਰਾਊਨ ਤੇ ਬ੍ਰਿਜ
• ਡਿਜੀਟਲ ਐਕਸਰੇ
• ਵਾਈਟ ਫਿਲਿੰਗਸ
• ਦੰਦਾਂ ਦੀ ਸਫਾਈ ਅਤੇ ਚੈੱਕਅੱਪ
SERVICES:
• Extractions
• White Fillings
• Root Canals
• Crown & Bridge
• Digital X-Rays
• Teeth Cleaning & Checkup
• All Major Insurance Plans Accepted
• Punjabi, Hindi, Urdu Spoken
• New Patients Welcome
Evening & Weekend Appointment Available
Practising For Over 10 Years
ਇਮਰਜੈਂਸੀ ਅਪਾਇੰਟਮੈਂਟਾਂ ਉਪਲਬੱਧ ਹਨ
EVERSHINE DENTISTRY
EVERSHINE
FAMILY DENTISTRY
ਤੁਹਾਡੇ ਪਰਿਵਾਰ ਲਈ...ਤੰਦਰੁਸਤ ਤੇ ਸੁੰਦਰ ਮੁਸਕਾਨ
72 Ave.
WALMART
RBC
BMO
SATNAM PLAZA
70 Ave.
604.593.6515
#111 - 7130 120th Street, Surrey, BC
Near Guru Nanak Sikh Gurdwara
Ground Floor of Satnam Plaza
(FREE AMPLE PARKING)
Dr. Anjanpal Kaur Bhalla
www.evershinedental.ca
ਡਾ. ਅੰਜਨਪਾਲ ਕੌਰ ਭੱਲਾ


LANGLEY
BANQUET HALL
ਵਿਆਹ-ਸ਼ਾਦੀ, ਜਨਮ ਦਿਨ ਜਾ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ ਬੈਂਕੁਇਟ ਹਾਲ
ਬੁੱਕ ਕਰੋ।
• Wedding • Corporate Events
• Private Dinner • Bithday Parties
• Gurudwara and Live Catering
ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।
Call:Davinder Grewal
604-537-9759
info@langleybanquethall.com
3227 264 St UNIT #6, Aldergrove, BC V4W 2X3


ਇੰਡੋ-ਕੈਨੇਡਾ ਟਰੈਵਲ ਏਜੰਸੀ
INDO CANADA
TRAVEL AGENCY
ਘੱਟ ਕਿਰਾਇਆ - ਸਹੀ ਸਲਾਹ
Best Airfares with Quality Assistance
ਇੰਡੀਆ ਅਤੇ ਦੁਨੀਆਂ ਭਰ ਵਿੱਚ ਕਿਤੇ ਵੀ ਜਾਣ-ਆਉਣ ਲਈ ਸਪੈਸ਼ਲ ਰੇਟ ਤੇ ਟਿੱਕਟਾਂ ਖ਼ਰੀਦੋ
+1 604 388 9696 , 604 503 8011
#217-8028-128St, Surrey, BC
(Little India Plaza) (Second Floor)

# ਕੀ ਭਾਰਤ ਦੇ ਲੋਕ ਗਰੀਬੀ ਚੋਂ ਨਿਕਲ ਸਕਣਗੇ?

ਭਾਰਤ ਵਿਚ ਗ਼ਰੀਬ ਅਮੀਰ ਵਿਚ ਨਾਬਰਾਬਰੀ ਦਾ ਪਾੜਾ, ਦੁਨੀਆਂ ਵਿਚ ਸੱਭ ਤੋਂ ਵੱਧ ਹੈ। ਸਾਡੇ ਆਰਥਕ ਮਾਹਰ ਇਸ ਮੁੱਦੇ ਤੇ ਅਪਣੀਆਂ ਟਿਪਣੀਆਂ ਕਰ ਕੇ ਇਸ ਖੋਜ ਨੂੰ ਭਾਰਤ ਵਿਰੁਧ ਪ੍ਰਾਪੇਗੰਡਾ ਦਸਣਗੇ ਜਦਕਿ ਅਫ਼ਸੋਸ ਇਸ ਗੱਲ ਦਾ ਨਹੀਂ ਹੋਣਾ ਚਾਹੀਦਾ ਕਿ ਸਾਡੇ ਬਾਰੇ ਕਿਸੇ ਅੰਤਰਰਾਸ਼ਟਰੀ ਸੰਸਥਾ ਨੇ ਖੋਜ ਕਰ ਕੇ ਸਾਨੂੰ ਸਾਡੀਆਂ ਨੀਤੀਆਂ ਦੀ ਅਸਲੀਅਤ ਵਿਖਾਣੀ ਚਾਹੀ ਹੈ ਬਲਕਿ ਅਫ਼ਸੋਸ ਇਸ ਗੱਲ ਦਾ ਹੋਣਾ ਚਾਹੀਦਾ ਹੈ ਕਿ ਸਾਡੇ ਆਰਥਕ ਪੰਡਤਾਂ ਅਤੇ ਨੀਤੀਘਾੜਿਆਂ ਵਿਚ ਇਕ ਵੀ ਐਸਾ ਹਮਦਰਦ ਇਨਸਾਨ ਨਹੀਂ ਜੋ ਖੜਾ ਹੋ ਕੇ ਆਖ ਸਕੇ ਕੇ ਸਾਡੀਆਂ ਨੀਤੀਆਂ ਭਾਰਤ ਦੇ ਲੋਕਾਂ ਅਤੇ ਦੇਸ਼ ਵਾਸਤੇ ਸਹੀ ਦਿਸ਼ਾ ਨਹੀਂ ਬਣਾ ਰਹੀਆਂ।

ਇਸ ਰੀਪੋਰਟ ਵਿਚ ਸੱਭ ਤੋਂ ਵੱਡੀ ਗੱਲ ਇਹ ਹੈ ਕਿ ਜਿਸ ਪੱਧਰ ਦੀ ਨਾ-ਬਰਾਬਰੀ ਅੱਜ ਹੈ, ਉਹ ਅੰਗਰੇਜ਼ਾਂ ਦੇ ਵਕਤ ਵੀ ਨਹੀਂ ਸੀ। ਉਸ ਵਕਤ ਅੰਗਰੇਜ਼ਾਂ ਨੇ ਭਾਰਤ ਨੂੰ ਗ਼ੁਲਾਮ ਬਣਾਇਆ ਹੋਇਆ ਸੀ ਪਰ ਉਨ੍ਹਾਂ ਦੇ ਵੇਲੇ ਉਪਰਲੇ ਇਕ ਫ਼ੀਸਦੀ ਕੋਲ ਦੇਸ਼ ਦੀ 6% ਦੌਲਤ ਸੀ ਤੇ ਅੱਜ ਦੇ 1ਫ਼ੀਸਦੀ ਅਮੀਰਾਂ ਕੋਲ ਦੇਸ਼ ਦੀ 40% ਫ਼ੀਸਦੀ ਦੌਲਤ ਹੈ। ਦੁਨੀਆਂ ਵਿਚ ਕੋਈ ਵੀ ਵਿਕਾਸ ਕਰਦਾ ਜਾਂ ਵਿਕਾਸਸ਼ੀਲ ਦੇਸ਼ ਅਜਿਹਾ ਨਹੀਂ ਜਿਸ ਵਿਚ ਅਮੀਰਾਂ ਕੋਲ ਦੇਸ਼ ਦੀ ਦੌਲਤ ਦਾ ਏਨਾ ਵੱਡਾ ਹਿੱਸਾ ਹੋਵੇ।

ਪਰ ਅਸੀ ਤਾਂ ਭਾਰਤ ਦਾ ਚੀਨ ਤੋਂ ਅੱਗੇ, ਵੱਡੀਆਂ ਤਾਕਤਾਂ ਨਾਲ ਮੁਕਾਬਲਾ ਕਰਨ ਲਈ ਕਾਹਲੇ ਪਏ ਹੋਏ ਹਾਂ (ਬਿਆਨਬਾਜ਼ੀ ਵਿਚ)। ਕੀ ਇਸ ਮੁਕਾਬਲੇ ਵਿਚ ਸਿਰਫ਼ ਦੇਸ਼ ਦੇ 167 ਪ੍ਰਵਾਰ ਹੀ ਮਾਨਤਾ ਰਖਦੇ ਹਨ ਤੇ ਬਾਕੀ ਦੇ ਕਰੋੜਾਂ ਗ਼ਰੀਬ ਸਿਰਫ਼ ਇਨ੍ਹਾਂ ਦੀ ਚੜ੍ਹਤ ਨੂੰ ਵੇਖ ਕੇ ਖ਼ੁਸ਼ੀ ਨਾਲ ਤਾੜੀਆਂ ਵਜਾਉਣ ਲਈ ਹੀ ਰੱਖੇ ਹੋਏ ਹਨ? ਖ਼ਾਲੀ ਪੇਟ ਵਾਲੇ ਤਾੜੀਆਂ ਕਦ ਤਕ ਮਾਰ ਸਕਣਗੇ?

ਜੇ ਅੱਜ ਸਾਡੀ ਸਰਕਾਰ ਇਨ੍ਹਾਂ 167 ਅਮੀਰ ਪ੍ਰਵਾਰਾਂ ਤੇ 2% ਅਮੀਰੀ ਟੈਕਸ ਲਗਾ ਦੇਵੇ ਤਾਂ ਸਾਡੇ ਕਰੋੜਾਂ ਗ਼ਰੀਬਾਂ ਵਾਸਤੇ ਅਪਣੀ ਆਰਥਕ ਸਥਿਤੀ ਸੁਧਾਰਨ ਦੇ ਰਸਤੇ ਖੁਲ੍ਹ ਸਕਦੇ ਹਨ। ਪਰ ਸਾਡੇ ਨੀਤੀਘਾੜਿਆਂ ਨੇ ਘਰ ਬੈਠੀ ਗ਼ਰੀਬਣੀ ਦੀ ਸਿਲਾਈ ਮਸ਼ੀਨ ਨੂੰ ਵੀ ਜੀ ਐਸ ਟੀ ਲਗਾ ਦਿਤਾ ਹੈ। ਕਿਸਾਨ ਵੀ ਜੀਐਸਟੀ ਭਰਦਾ ਹੈ ਪਰ ਇਨ੍ਹਾਂ ਉਦਯੋਗਿਕ ਘਰਾਣਿਆਂ ਨੂੰ ਟੈਕਸ ਦੀ ਮਾਫ਼ੀ ਮਿਲਦੀ ਹੈ। ਇਨ੍ਹਾਂ ਦੋਹਾਂ ਨੀਤੀਆਂ ਨੇ 2000 ਤੋਂ ਬਾਅਦ ਭਾਰਤ ਵਿਚ ਨਾ-ਬਰਾਬਰੀ ਦੀ ਰਫ਼ਤਾਰ ਨੂੰ ਬੁਲੇਟ ਟ੍ਰੇਨ ਵਾਂਗ ਤੇਜ਼ ਕਰ ਦਿਤਾ ਹੈ।

ਗ਼ਰੀਬ ਅਜਿਹੇ ਚੱਕਰ ਵਿਚ ਫਸਿਆ ਹੈ ਕਿ ਉਹ ਮੁਫ਼ਤ ਆਟਾ-ਦਾਲ, ਮੁਫ਼ਤ ਦਵਾਈਆਂ, ਪੈਨਸ਼ਨਾਂ ਆਦਿ ਦੀ ਲੜਾਈ ਵਿਚ ਫਸਿਆ ਹੋਇਆ ਹੈ ਤੇ ਉਸ ਨੇ ਗ਼ਰੀਬੀ ’ਚੋਂ ਬਾਹਰ ਨਿਕਲਣ ਦੇ ਰਸਤੇ ਬਾਰੇ ਸੋਚਣਾ ਹੀ ਬੰਦ ਕਰ ਦਿਤਾ ਹੈ। ਕਹਿਣ ਨੂੰ ਤਾਂ ਭਾਰਤ ਦੀ ਔਸਤ ਆਮਦਨ ਪਿਛਲੇ ਦੋ ਦਹਾਕਿਆਂ ’ਚ 442 ਡਾਲਰ ਤੋਂ 2389 ਡਾਲਰ ਹੋ ਗਈ ਹੈ ਪਰ 62 ਫ਼ੀਸਦੀ (ਸੂਬਾ ਅਜੇ ਵੀ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਇਨ੍ਹਾਂ ਖੋਜਾਂ ਨੂੰ ਜੇ ਨੀਤੀਘਾੜੇ ਧਿਆਨ ਨਾਲ ਸਮਝ ਕੇ ਅਗਲੀਆਂ ਨੀਤੀਆਂ ਵਿਚ ਤਬਦੀਲੀਆਂ ਤੇ ਗ਼ਰੀਬ ਨਾਲ ਹਮਦਰਦੀ ਨਹੀਂ ਲਿਆਉਣਗੇ ਤਾਂ ਫਿਰ ਨੌਕਰੀਆਂ ਨਹੀਂ ਬਸ ਮੁਫ਼ਤਗੀਰੀ ਨਾਲ ਹੀ ਗੁਜ਼ਾਰਾ ਕਰਨ ਦੀ ਤਿਆਰੀ ਕਰ ਲਉ।- ਨਿਮਰਤ ਕੌਰ

# ਸ਼੍ਰੋਮਣੀ ਅਕਾਲੀ ਦਲ ਉਪਰ ਕਾਰਪੋਰੇਟ ਪਰਿਵਾਰ ਦਾ ਕਬਜ਼ਾ; ਅਸੀਂ ਇਸ ਨੂੰ ਆਜ਼ਾਦ ਕਰਵਾਵਾਂਗੇ ਅਤੇ ਮੁੜ ਸੁਰਜੀਤ ਕਰਾਂਗੇ: ਮਿਸਲ ਸਤਲੁਜ

ਚੰਡੀਗੜ੍ਹ: ਮਿਸਲ ਸਤਲੁਜ, ਇੱਕ ਸਮਾਜਿਕ-ਸਿਆਸੀ ਸੰਗਠਨ, ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਅਕਾਲੀ ਦਲ) ਆਪਣੀ ਸਾਰਥਕਤਾ ਗੁਆ ਚੁੱਕਾ ਹੈ ਅਤੇ ਮਿਸਲ ਸਤਲੁਜ ਅਕਾਲੀ ਲਹਿਰ ਦੇ ਸਿਧਾਂਤਾਂ ਨੂੰ ਮੁੜ ਸੁਰਜੀਤ ਕਰਨ, ਪੰਜਾਬ ਦੇ ਹੱਕਾਂ ਦੀ ਵਕਾਲਤ ਕਰਨ ਅਤੇ ਸਮਾਜਿਕ-ਆਰਥਿਕ ਸਮੱਸਿਆਵਾਂ ਨਾਲ ਨਜਿੱਠਣ ਲਈ ਯਤਨਸ਼ੀਲ ਹੈ। ਮਿਸਲ ਸਤਲੁਜ ਦੇ ਮੁਖੀ ਨੇ ਕਿਹਾ, “1947 ਤੋਂ, ਪੰਜਾਬ ਨੇ ਕੇਂਦਰੀ ਸਰਕਾਰ ਦੇ ਹੱਥੋਂ ਅਤਿਆਚਾਰ ਅਤੇ ਵਿਤਕਰੇ ਦਾ ਸਾਹਮਣਾ ਕੀਤਾ ਹੈ, ਸ਼੍ਰੋਮਣੀ ਅਕਾਲੀ ਦਲ ਨੇ ਸ਼ੁਰੂ ਵਿੱਚ ਪੰਜਾਬ ਦੇ ਹੱਕਾਂ ਦੀ ਪੈਰਵੀ ਕੀਤੀ ਸੀ ਪਰ ਨਿੱਜੀ ਲਾਲਚ ਅਤੇ ਬਾਅਦ ਵਿੱਚ ਸਮੇਂ ਦੇ ਨਾਲ ਇਸਦੀ ਲੀਡਰਸ਼ਿਪ ਦੇ ਨੈਤਿਕ ਤਾਣੇ-ਬਾਣੇ ਵਿੱਚ ਗਿਰਾਵਟ ਕਾਰਨ ਸਾਰਥਕਤਾ ਗੁਆ ਬੈਠੀ ਹੈ।” ਅਜੈਪਾਲ ਸਿੰਘ ਬਰਾੜ, ਨੇ ਚੰਡੀਗੜ੍ਹ ਪ੍ਰੈਸ ਕਲੱਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ।ਬਰਾੜ ਨੇ ਅੱਗੇ ਕਿਹਾ ਕਿ ਸਿੱਖਾਂ ਅਤੇ ਪੰਜਾਬ ਦੇ ਹਿੱਤਾਂ ਲਈ ਰਾਜਨੀਤਿਕ ਨੁਮਾਇੰਦਗੀ ਦੀ ਸਪੱਸ਼ਟ ਅਣਹੋਂਦ ਹੈ ਅਤੇ ਇਸ ਲਈ ਮਿਸਲ ਸਤਲੁਜ ਦਾ ਉਦੇਸ਼ ਅਕਾਲੀ ਦਲ ਨੂੰ ਨਿੱਜੀ ਕਾਰਪੋਰੇਟ ਗੱਠਜੋੜ ਦੇ ਚੁੰਗਲ ਤੋਂ ਮੁਕਤ ਕਰਵਾ ਕੇ ਅਤੇ ਇਸ ਨੂੰ ਮੁੜ ਸੁਰਜੀਤ ਕਰਕੇ ਅਕਾਲੀ ਲਹਿਰ ਦੇ ਮੂਲ ਸਿਧਾਂਤ ਨੂੰ ਮੁੜ ਪ੍ਰਾਪਤ ਕਰਨਾ ਹੈ। ਸਿਆਸੀ ਸੰਸਥਾ ਦਾ ਦਾਅਵਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਆਪਣੇ ਪੁਰਾਣੇ ਸੁਭਾਅ ਵਿੱਚ ਵਾਪਸ ਆਉਣਾ ਚਾਹੀਦਾ ਹੈ ਜਿੱਥੇ ਇਹ ਕੌਮੀ ਪੱਧਰ 'ਤੇ ਪੰਜਾਬ ਦੇ ਹੱਕਾਂ ਦੀ ਵਕਾਲਤ ਕਰਨ ਲਈ ਜਾਣਿਆ ਜਾਂਦਾ ਸੀ ਅਤੇ ਭਾਈਚਾਰੇ ਦਾ ਮਾਣ ਸੀ।ਮਿਸਲ ਸਤਲੁਜ ਦੇ ਸੀਨੀਅਰ ਆਗੂ ਦਵਿੰਦਰ ਸਿੰਘ ਸੇਖੋਂ ਨੇ ਸਿੱਖ ਸਿਆਸਤ ਨਿਊਜ਼ ਨੂੰ ਦੱਸਿਆ ਕਿ ਜਥੇਬੰਦੀ ਦਾ ਇੱਕ ਹੋਰ ਉਦੇਸ਼ ਸ਼੍ਰੋਮਣੀ ਅਕਾਲੀ ਦਲ ਵੱਲੋਂ 1974 ਵਿੱਚ ਸਰਬਸੰਮਤੀ ਨਾਲ ਅਪਣਾਏ ਗਏ ਉਦੇਸ਼ਾਂ ਅਤੇ ਉਦੇਸ਼ਾਂ ਦੀ ਪ੍ਰਾਪਤੀ ਲਈ ਅੱਗੇ ਵਧਣਾ ਹੈ।ਉਨਾ ਕਿਹਾ ਕਿ "ਅਸੀਂ ਕੇਂਦਰ ਸਰਕਾਰ ਨਾਲ ਪੰਜਾਬ ਦੇ ਸਬੰਧਾਂ ਨੂੰ ਮੁੜ ਪਰਿਭਾਸ਼ਿਤ ਕਰਨ, ਸੰਵਿਧਾਨ ਦੀ ਧਾਰਾ 371 ਦੇ ਤਹਿਤ ਵਿਸ਼ੇਸ਼ ਵਿਵਸਥਾਵਾਂ ਅਤੇ ਹੋਰ ਅਧਿਕਾਰਾਂ ਦੀ ਵਕਾਲਤ ਕਰਨ ਦਾ ਪ੍ਰਸਤਾਵ ਕਰਦੇ ਹਾਂ"।

# ਚੀਨ ਨੇ ਕਿਹਾ ਅਮਰੀਕਾ ਭਾਰਤ ਨਾਲ ਸਰਹੱਦੀ ਵਿਵਾਦ ਵਿੱਚ ਦਖਲ ਨਾ ਦੇਵੇ

## ਆਪਣੇ ਫਾਇਦੇ ਲਈ ਦੋਹ ਦੇਸ਼ਾਂ ਦੇ ਮਾਮਲਿਆਂ ਵਿਚ ਦਖਲ ਦੇਣਾ ਅਮਰੀਕਾ ਦੀ ਪੁਰਾਣੀਂ ਰਵਾਇਤ :ਚੀਨ

ਵਾਸ਼ਿੰਗਟਨ :ਅਮਰੀਕਾ ਵੱਲੋਂ ਵਿਵਾਦਤ ਅਰੁਣਾਚਲ ਪ੍ਰਦੇਸ਼ ਨੂੰ ਭਾਰਤੀ ਖੇਤਰ ਦੇ ਹਿੱਸੇ ਵਜੋਂ ਮਾਨਤਾ ਦੇਣ ਤੋਂ ਬਾਅਦ ਚੀਨ ਨੇ ਭਾਰਤ ਨਾਲ ਆਪਣੇ ਸਰਹੱਦੀ ਵਿਵਾਦ ਵਿੱਚ ਦਖਲ ਦੇਣ ਲਈ ਅਮਰੀਕਾ ਦੀ ਨਿੰਦਾ ਕੀਤੀ।

ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਲਿਨ ਜਿਆਨ ਨੇ ਬੀਜਿੰਗ ਵਿੱਚ ਚ ਕਿਹਾ, “ਚੀਨ ਇਸ ਦੀ ਸਖਤ ਨਿੰਦਾ ਕਰਦਾ ਹੈ ਅਤੇ ਸਖਤ ਵਿਰੋਧ ਕਰਦਾ ਹੈ। "ਚੀਨ-ਭਾਰਤ ਸੀਮਾ ਦਾ ਸਵਾਲ ਦੋਵਾਂ ਦੇਸ਼ਾਂ ਦਾ ਮਾਮਲਾ ਹੈ ਅਤੇ ਇਸ ਦਾ ਅਮਰੀਕਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।"

ਚੀਨ ਨੇ ਵੀਰਵਾਰ ਨੂੰ ਅਰੁਣਾਚਲ ਪ੍ਰਦੇਸ਼ 'ਤੇ ਆਪਣੇ ਦਾਅਵਿਆਂ ਨੂੰ ਦੁਹਰਾਉਂਦੇ ਹੋਏ ਕਿਹਾ: "ਜ਼ੰਗਨਾਨ ਹਮੇਸ਼ਾ ਚੀਨ ਦਾ ਖੇਤਰ ਰਿਹਾ ਹੈ, ਇਹ ਇੱਕ ਬੁਨਿਆਦੀ ਤੱਥ ਹੈ ਜਿਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ।"

ਲਿਨ ਨੇ ਅੱਗੇ ਕਿਹਾ, "ਇਹ ਸਭ ਨੂੰ ਪਤਾ ਹੈ ਕਿ ਅਮਰੀਕਾ ਨੇ ਲਗਾਤਾਰ ਆਪਣੇ ਸੁਆਰਥੀ ਭੂ-ਰਾਜਨੀਤਿਕ ਹਿੱਤਾਂ ਦੀ ਪੂਰਤੀ ਲਈ ਦੂਜੇ ਦੇਸ਼ਾਂ ਦੇ ਟਕਰਾਵਾਂ ਨੂੰ ਭੜਕਾਉਣ ਅਤੇ ਉਹਨਾਂ ਦਾ ਫਾਇਦਾ ਉਠਾਉਣ ਦੀ ਕੋਈ ਕੋਸ਼ਿਸ਼ ਕੀਤੀ ਹੈ।"ਅਮਰੀਕਾ ਦੀ ਇਹ ਪੁਰਾਣੀਂ ਰਵਾਇਤ ਹੈ।

ਵਿਲਸਨ ਸੈਂਟਰ ਦੇ ਦੱਖਣੀ ਏਸ਼ੀਆ ਇੰਸਟੀਚਿਊਟ ਦੇ ਡਾਇਰੈਕਟਰ ਮਾਈਕਲ ਕੁਗਲਮੈਨ ਨੇ ਸੀਐਨਬੀਸੀ ਨੂੰ ਦੱਸਿਆ ਸੀ ਕਿ ਸਰਹੱਦੀ ਵਿਵਾਦ ਵਿੱਚ ਭਾਰਤ ਲਈ ਅਮਰੀਕਾ ਦਾ ਸਮਰਥਨ "ਚੀਨ ਨਾਲ ਆਪਣੇ ਮੁਕਾਬਲੇ ਵਿੱਚ ਭਾਰਤ ਨਾਲ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਾਲ ਜੋੜਨ ਦੇ ਲਗਾਤਾਰ ਅਮਰੀਕੀ ਯਤਨਾਂ ਦਾ ਪ੍ਰਤੀਬਿੰਬ ਹੈ।"

ਕੁਗਲਮੈਨ ਨੇ ਦੱਸਿਆ ਕਿ ਅਮਰੀਕਾ ਕਸ਼ਮੀਰ ਵਾਰੇ ਚੁੱਪ ਰਹਿੰਦਾ 'ਤੇ ਟਿੱਪਣੀ ਕਰਨ ਤੋਂ ਪਰਹੇਜ਼ ਕਰਦਾ ਹੈ।ਜਿਹੜਾ ਵਿਵਾਦ ਲੰਮੇ ਸਮੇਂ ਯੂ ਐਨ ਓ ਵਿੱਚ ਤੇ ਭਾਰਤ ਦੀਆਂ ਫੌਜਾਂ ਉਥੇ ਜੁਲਮ ਕਰ ਰਹੀਆਂ ਹਨ।

ਪਰ ਇਸ ਮਾਮਲੇ ਵਿੱਚ, ਉਸਨੇ ਕਿਹਾ, ਵਾਸ਼ਿੰਗਟਨ ਨਵੀਂ ਦਿੱਲੀ ਦੇ ਨਾਲ ਆਪਣੀ ਏਕਤਾ ਦਾ ਸੰਕੇਤ ਦੇ ਰਿਹਾ ਹੈ "ਉਸੇ ਤਰ੍ਹਾਂ ਜਿਵੇਂ ਉਸਨੇ ਆਪਣੀ ਉੱਤਰੀ ਸਰਹੱਦ 'ਤੇ ਚੀਨੀ ਹਮਲਿਆਂ ਨੂੰ ਰੋਕਣ ਲਈ ਭਾਰਤ ਦੀ ਮਦਦ ਕਰਨ ਲਈ ਖੁਫੀਆ ਜਾਣਕਾਰੀ ਸਾਂਝੀ ਕਰਨ ਸਮੇਤ ਕੋਸ਼ਿਸ਼ਾਂ ਕੀਤੀਆਂ ਹਨ।"ਖਬਰਾਂ ਹਨ ਕਿ ਭਾਰਤ-ਚੀਨ ਵਿਚਕਾਰ ਸਰਹੱਦੀ ਤਣਾਅ ਵਧਦਾ ਜਾ ਰਿਹਾ ਹੈ।




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA

PHONE (604) 254-2117, FAX: (604) 254-5309

ਦੇਗ ਤੇਗ ਫਤਿਹ — ਪੰਥ ਕੀ ਜੀਤ

www.akalisinghgurdwara.ca

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰੂਘਰ ਦੇ ਸ਼ਰਧਾਲੂ ਬੀਬੀ ਸੁਰਜੀਤ ਕੌਰ ਪ੍ਰਮਾਰ ਅਤੇ ਪਰਿਵਾਰ ਵਲੋਂ ਸਵਰਗਵਾਸੀ ਭਾਈ ਕਰਮਜੀਤ ਸਿੰਘ ਪ੍ਰਮਾਰ ਦੀ ਯਾਦ ਵਿਚ ਪਰਿਵਾਰ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਨ ਹਿਤ ਅਕਾਲੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਅਕਾਲੀ ਸਿੰਘ ਸਿੱਖ ਸੁਸਾਇਟੀ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਜਾ ਰਹੇ ਹਨ। ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂਘਰ ਪਹੁੰਚ ਕੇ ਹਾਜ਼ਰੀਆਂ ਭਰ ਕੇ ਗੁਰੂਘਰ ਤੋਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ

ਅਰੰਭ ਸ੍ਰੀ ਅਖੰਡ ਪਾਠ ਸਾਹਿਬ- 29 ਮਾਰਚ 2024, ਦਿਨ ਸ਼ੁੱਕਰਵਾਰ ਸਵੇਰ 10:00 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ- 31 ਮਾਰਚ 2024, ਦਿਨ ਐਤਵਾਰ ਸਵੇਰ 9:30 ਵਜੇ

ਭੋਗ ਉਪਰੰਤ ਗੁਰੂਘਰ ਦੇ ਮਹਾਨ ਕੀਰਤਨੀ ਜਥੇ ਗੁਰਬਾਣੀ ਕੀਰਤਨ ਅਤੇ ਗਿਆਨੀ ਸਾਹਿਬਾਨ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੋਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂਘਰ ਪਹੁੰਚ ਕੇ ਸੇਵਾ ਵਿਚ ਹੱਥ ਵਟਾ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ।

28 ਮਾਰਚ, ਦਿਨ ਵੀਰਵਾਰ........ਸਵੇਰ ਨੂੰ ਅਨੰਦ ਕਾਰਜ ਹੋਵੇਗਾ

29 ਮਾਰਚ, ਦਿਨ ਸ਼ੁੱਕਰਵਾਰ.......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।

29 ਮਾਰਚ, ਦਿਨ ਸ਼ੁੱਕਰਵਾਰ.......ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਜਗਤਾਰ ਸਿੰਘ ਸੱਲ ਅਤੇ ਪਰਿਵਾਰ ਵਲੋਂ ਹੋਵੇਗੀ।

30 ਮਾਰਚ, ਦਿਨ ਸ਼ਨਿੱਚਰਵਾਰ.....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।

30 ਮਾਰਚ, ਦਿਨ ਸ਼ਨਿੱਚਰਵਾਰ.....ਬਾਅਦ ਦੁਪਹਿਰ 1:30 ਵਜੇ ਸੁਰਗਵਾਸੀ ਭਾਈ ਦੀਦਾਰ ਸਿੰਘ ਉੱਪਲ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

30 ਮਾਰਚ, ਦਿਨ ਸ਼ਨਿੱਚਰਵਾਰ.....ਬਾਅਦ ਦੁਪਹਿਰ 5:30 ਵਜੇ ਮਾਤਾ ਗੁਰਦਿਆਲ ਕੌਰ ਰਾਏ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

30 ਮਾਰਚ, ਦਿਨ ਸ਼ਨਿੱਚਰਵਾਰ.....ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਬਲਵਿੰਦਰ ਸਿੰਘ ਢਿੱਲੋਂ ਅਤੇ ਪਰਿਵਾਰ ਵਲੋਂ ਹੋਵੇਗੀ।

6 ਅਪ੍ਰੈਲ, ਦਿਨ ਸ਼ਨਿੱਚਰਵਾਰ.......ਸਵੇਰ ਨੂੰ ਲੰਗਰ ਦੀ ਸੇਵਾ ਸਰਾਏ ਪਰਿਵਾਰ ਤੇ ਕੁਲਾਰ ਪਰਿਵਾਰਾਂ ਵਲੋਂ ਹੋਵੇਗੀ।

6 ਅਪ੍ਰੈਲ, ਦਿਨ ਸ਼ਨਿੱਚਰਵਾਰ.......ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।

6 ਅਪ੍ਰੈਲ, ਦਿਨ ਸ਼ਨਿੱਚਰਵਾਰ.......ਸ਼ਾਮ ਨੂੰ ਨੰਬਰ 1 ਦਰਬਾਰ ਵਿਚ ਲੰਗਰ ਦੀ ਸੇਵਾ ਭਾਈ ਗੁਰਚਰਨ ਸਿੰਘ ਸੰਧੂ ਵਲੋਂ ਹੋਵੇਗੀ।

6 ਅਪ੍ਰੈਲ, ਦਿਨ ਸ਼ਨਿੱਚਰਵਾਰ.......ਸ਼ਾਮ ਨੂੰ ਨੰਬਰ ਦੋ ਦਰਬਾਰ ਵਿਚ ਲੰਗਰ ਦੀ ਸੇਵਾ ਭਾਈ ਮੇਜਰ ਸਿੰਘ ਗੋਸਲ ਅਤੇ ਪਰਿਵਾਰ ਵਲੋਂ ਹੋਵੇਗੀ।

7 ਅਪ੍ਰੈਲ, ਦਿਨ ਐਤਵਾਰ...........ਸਵੇਰ ਨੂੰ 8:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।

7 ਅਪ੍ਰੈਲ, ਦਿਨ ਐਤਵਾਰ...........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਸ਼ਮਸ਼ੇਰ ਸਿੰਘ ਗੋਸਲ ਅਤੇ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 12:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।

ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਮਾੜੇ ਦਿਨਾ ਦੀਆਂ ਨਿਸ਼ਾਨੀਆਂ

ਕੁਤੇ ਦਾ ਦਿਨੇ ਭੌਂਕਣਾਂ, ਖਾਲੀ ਬਦੂੰਕ ਦਾ ਚਲਣਾ, ਊਠ ਤੇ ਬੈਠੇ ਕੁਤੇ ਦਾ ਵਢ ਖਾਣਾ, ਗਿਦੜ ਦਾ ਜਟ ਦੇ ਮੂੰਨੇ ਨਾਲ ਖਹਿਣਾ ਸਭ ਮਾੜੇ ਦਿਨਾ ਦੀਆਂ ਨਿਸ਼ਾਨੀਆਂ ਆਖੀਆਂ ਜਾਦੀਆਂ।
ਪਿੰਡ ਦੇ ਰਹੇ ਖਹੇ ਬੰਦੇ ਦਾ ਵੀ ਠੁਡਾ ਮਾਰ ਕੇ ਲੰਘਣਾ ਜਾਂ ਪਿੰਡ ਦੇ ਨਿਧਿਖ ਜਿਹੇ ਵੈਲੀ ਦਾ ਘਰ ਮੂਹਰੇ ਚਾਂਗਰ ਮਾਰ ਜਾਣਾ ਇਹ ਵੀ ਮਾੜੇ ਦਿਨਾ ਵਰਗਾ ਹੈ।
ਮੋਦੀ ਕੇ ਮੁਲਖ ਦਾ ਆਲਾ ਦੁਆਲਾ ਜਿਹੜਾ ਮਾਈ ਬਾਪ ਬਾਪ ਕਰਦਾ ਫਿਰਦਾ ਹੁੰਦਾ ਸੀ ਅਜ ਓਹ ਅਖਾਂ ਕਢ ਰਿਹਾ ਕਿ ਜਾਹ ਤੁਰਿਆ ਜਾਹ ਵਡਾ ਮਹਿੰਗੇ ਕੋਟ ਵਾਲਾ।
ਇਹ ਇਸ ਮੁਲਖ ਦੇ ਮਾੜੇ ਦਿਨਾ ਦੀ ਨਿਸ਼ਾਨੀਆਂ ਨੇ।
ਘਰ ਤੋਂ ਲੈ ਕੇ ਬਾਹਰ ਤਕ ਸਭ ਪਾਸੇ ਦੁਸ਼ਮਣ ਪੈਦਾ ਕਰ ਲੈਣੇ ਅਛੇ ਨਹੀ ਮਾੜੇ ਦਿਨ ਦਰਵਾਜਾ ਖੜਕਾ ਰਹੇ ਨੇ।
ਕਿਸੇ ਮੁਲਖ ਦਾ ਭਵਿੱਖ ਦੇਖਣਾ ਹੋਵੇ ਤਾਂ ਪਰਦਿਆਂ ਤੇ ਨਹੀ ਜਮੀਨੀ ਪਧਰ ਤੇ ਦੇਖਣਾ ਹੁੰਦਾ।
ਗੋਦੀ ਮੀਡੀਏ ਵਲੋਂ ਫੂਕ ਭਰ ਭਰ ਮੋਦੀ ਦਾ ਫੁਲਾਇਆ ਸੀਨਾ ਫੂਕ ਹੀ ਹੈ ਜਮੀਨੀ ਪਧਰ ਹੋਰ ਹੈ।
ਢਾਈ ਢਾਈ ਗਿਠ ਦੇ ਮੁਲਖ ਮੋਦੀ ਕਿਆਂ ਨੂੰ ਇਓਂ ਅਖਾਂ ਦਿਖਾ ਗਏ ਜਿਵੇਂ ਡਬੱਈ ਦੇ ਡੌਨ ਹੁੰਦੇ।
ਅਜਗਰ ਇਨੇ ਪਿਆਰ ਨਾਲ ਪੋਲੇ ਪੋਲੇ ਵਲੇਵਾਂ ਪਾਓਂਦਾ ਸ਼ਿਕਾਰ ਨੂੰ ਕਿ ਉਸ ਨੂੰ ਜਾਪਦਾ ਹੁੰਦਾ ਜਿਵੇਂ ਭੂਆ ਸਿਰ ਪਲੋਸ ਰਹੀ ਹੁੰਦੀ ਪਰ ਪਤਾ ਹੀ ਓਦੋਂ ਲਗਦਾ ਜਦ ਆਂਨੇ ਬਾਹਰ ਆ ਜਾਂਦੇ।
ਚੀਨ ਨੇ ਇਸ ਮੁਲਖ ਨੂੰ ਸਹਿਜੇ ਸਹਿਜੇ ਇਵੇ ਹੀ ਨਾਗ ਵਲ ਮਾਰ ਲਿਆ ਹੋਇਆ ਕਿ ਇਨਾ ਦਾ ਆਲਾ ਦੁਆਲਾ ਸਾਰਾ ਹੀ ਦੁਸ਼ਮਣਾਂ ਨਾਲ ਭਰ ਦਿਤਾ ਅਤੇ ਨੇੜ ਭਵਿਖ ਵਿਚ ਚੀਨ ਅਤੇ ਇਸ ਮੁਲਖ ਨੂੰ ਭਿੜਨੋ ਕੋਈ ਨਹੀ ਰੋਕ ਸਕਦਾ।
ਪਾਕਿਸਤਾਨ ਤਾਂ ਪਹਿਲਾਂ ਹੀ ਸੀ ਨੇਪਾਲ, ਭੁਟਾਨ, ਸਿਰੀ ਲੰਕਾ, ਬੰਗਲਾ ਦੇਸ਼, ਮਾਲਦੀਵ ਛਡਿਆ ਕਿਹੜਾ ਜਿਹੜਾ ਇਨਾ ਦੇ ਮਰਨ ਤੇ ਇਸ ਨੂੰ ਪਾਣੀ ਦੀ ਵੀ ਘੁਟ ਦੇਣ ਆ ਜਾਊ।
ਗੋਰੇ ਆਂਹਦੇ ਕਿਸੇ ਰਿਸ਼ਤੇਦਾਰ ਜਾਂ ਯਾਰ ਮਿਤਰ ਨਾਲ ਚਾਹੇ ਵਿਗੜ ਜਾਓ ਪਰ ਗੁਆਂਢੀ ਨਾਲ ਨਹੀ ਕਿਓਂਕਿ ਸਭ ਤੋਂ ਪਹਿਲਾ ਮਦਦਗਾਰ ਥੋਡਾ ਗੁਆਂਢੀ ਹੈ। ਪਰ ਇਨ ਗੁਆਂਢ ਹੀ ਇਨੇ ਕੰਡੇ ਖਲਾਰ ਦਿਤੇ ਕਿ ਹੁਣ ਦੌੜਨ ਨੂੰ ਵੀ ਕੋਈ ਰਾਹ ਨਹੀ ਲਭਣਾ।
ਓਧਰ ਔਹ ਕਿਥੇ ਸਮੁੰਦਰੋਂ ਪਾਰ ਕਨੇਡਾ ਨਾਲ ਜਾ ਪੰਗਾ ਲਿਆ ਕਿ ਗੁੱਸ ਕੇ ਮਾਰੇਂਗੇ। ਜੀਹਨਾ ਨੂੰ ਹਾਲੇ ਤਕ ਇਨਾ ਨਹੀ ਪਤਾ ਲਗਿਆ ਕਿ ਕਨੇਡਾ ਨਾਲ ਪੰਗੇ ਦਾ ਮੱਤਲਬ ਅਮਰੀਕਾ ਨਾਲ ਛੇੜਖਾਨੀ ਓਹ ਰਾਜਨੀਤੀ ਖਾਕ ਕਰਨਗੇ?
ਅਮਰੀਕਾ ਕੁਲ ਦੁਨੀਆਂ ਨਾਲ ਖੇਡਦਾ ਅਤੇ ਉਸ ਨੂੰ ਪਤਾ ਕਿ ਤੋਤੇ ਦੀ ਜਾਨ ਕਿਥੇ ਹੈ ਅਤੇ ਤੁਹਾਨੂੰ ਪਤਾ ਹੋਣਾ ਕਿ ਉਨ ਅਡਾਨੀ ਦੀਆਂ ਫਾਈਲਾਂ ਖੋਹਲ ਲਈਆਂ ਨੇ ਯਾਣੀ ਉਸ ਦੀਆਂ ਕੰਪਨੀਆਂ ਵਲੋ ਕੀਤੇ ਘੁਟਾਲਿਆਂ ਦੀਆਂ ਜਿਹੜੇ ਉਸ ਇੰਟਰਨੈਸ਼ਨਲ ਬਜਾਰ ਵਿਚ ਵੀ ਕੀਤੇ ਅਤੇ ਹੁਣ 9 ਵਿਚੋਂ 8 ਕੰਪਨੀਆਂ ਉਸ ਦੀਆਂ ਹਿਟ ਲਿਸਟ ਤੇ ਨੇ ਅਤੇ ਜੀਹਨਾ ਦੇ ਸ਼ੇਅਰ ਲਗਾਤਾਰ ਹੇਠਾਂ ਜਾ ਰਹੇ ਨੇ ਯਾਣੀ ਅਡਾਨੀ ਦੇ ਮਾੜੇ ਦਿਨ ਯਾਣੀ ਮੋਦੀ ਕੇ।
ਫਸੇ ਰੂਸ ਦਾ ਸਸਤਾ ਤੇਲ ਲੈ ਲੈ ਇਨ ਮੌਜਾਂ ਡਬਈ ਦੀਆਂ ਬਥੇਰੀਆਂ ਲੁਟ ਲਈਆਂ ਹੁਣ ਰੂਸ ਵੀ ਆਂਹਦਾ ਕਿ ਪਹਿਲਾ ਹੀ ਗਾਧੀਂ ਦੀ ਮਨਹੂਸ ਮੂਰਤੀ ਵਾਲਾ ਅਰਬਾਂ ਮੈਥੋਂ ਸਾਂਭ ਨਹੀ ਹੋ ਰਿਹਾ ਤੇਲ ਲੈਣਾ ਤਾਂ ਪੈਸੇ ਚੀਨੀ ਕਰੰਸੀ ਵਿਚ ਦੇਹ ਨਹੀ ਤਾਂ ਚਲਦਾ ਬਣ। ਸਤ ਕਿ ਅਠ ਸ਼ਿਪ ਤੇਲ ਦੇ ਪਾਣੀ ਵਿਚ ਹੀ ਘੁੰਮੀ ਜਾ ਰਹੇ ਨੇ।
ਤੁਹਾਨੂੰ ਪਤਾ ਅਮਰੀਕਾ ਹੋਰ ਸਭ ਚਾਹੇ ਬਰਦਾਸ਼ਤ ਕਰ ਲਏ ਪਰ ਡਾਲਰ ਨੂੰ ਚੈਲਿੰਜ ਨਹੀ ਜਿਹੜਾ ਕਿ ਇਹ ਤੜੀ ਵਿਚ ਆ ਕੇ ਕਰ ਚੁਕੇ ਹੋਏ ਨੇ। ਉਨ ਵੀ ਸਿਖਾਂ ਦੇ ਕਤਲਾਂ ਦਾ ਮੁਦਾ ਬਣਾ ਕੇ ਨਾਗ ਪਾ ਲਿਆ ਹੋਇਆ ਅਤੇ ਇਸ ਗਲ ਰਾਹੀਂ ਬਲੈਕਮੇਲ ਕਰਕੇ ਜਾਪਦਾ ਅਮਰੀਕਾ ਚੀਨ ਨਾਲ ਭਿੜਾਓਣ ਖਾਤਰ ਵਰਤ ਸਕਦਾ ਇਨਾ ਨੂੰ ਅਤੇ ਅਗਿਓਂ ਚੀਨ ਵੀ ਪੂਰੀ ਤਿਆਰੀ ਵਿਚ ਹੈ ਇਸ ਲਈ ਉਸ ਆਲਾ ਦੁਆਲਾ ਇਸ ਦਾ ਛਾਂਗ ਸੁਟਿਆ। ਰੂਸ ਦਾ ਬਿਲੀਅਨ ਡਾਲਰ ਰੋਜ ਦਾ ਖਰਚਾ ਹੋ ਰਿਹਾ ਲੜਾਈ ਉਪਰ ਅਤੇ ਤਿੰਨ ਲਖ ਤੋਂ ਉਪਰ ਬੰਦਾ ਉਸ ਦਾ ਲੜਾਈ ਦੀ ਭੇਟ ਚੜ ਚੁਕਾ ਹੋਇਆ ਪਰ ਤੇਲ ਕਰਕੇ ਮਾੜਾ ਮੋਟਾ ਓਹ ਫਸਿਆ ਆ ਰਿਹਾ। ਇਨੀ ਮਹਿੰਗੀ ਲੜਾਈ ਵਿਚ ਮੋਦੀ ਕਿਆਂ ਦੇ ਤਪੜ ਰੁਲ ਜਾਂਣੇ ਜੇ ਇਨ ਬੜਕਾਂ ਮਾਰਨੀਆਂ ਨਾ ਛਡੀਆਂ।
ਪਰ ਲਗਦਾ ਮੋਦੀ ਇਸ ਵਾਰੀ ਫਿਰ ਜਿਤੇਗਾ ਅਤੇ ਜੇ ਜਿਤਦਾ ਹੈ ਤਾਂ ਸਮਝੋ ਇਸ ਮੁਲਖ ਦੇ ਮਾੜੇ ਦਿਨ ਆ ਚੁਕੇ ਹੋਏ ਨੇ। -ਗੁਰਦੇਵ ਸਿੰਘ ਸੱਧੇਵਾਲੀਆ

## ਈ ਡੀ ਦੇ 95 ਫੀਸਦੀ ਕੇਸ ਆਪੋਜ਼ੀਸ਼ਨ ਆਗੂਆਂ ਖਿਲਾਫ

ਨਵੀਂ ਦਿੱਲੀ : ਡਾਇਰੈਕਟੋਰੇਟ ਆਫ ਐਨਫੋਰਸਮੈਂਟ (ਈ ਡੀ) ਨੇ 2014 ਵਿਚ ਮੋਦੀ ਸਰਕਾਰ ਦੇ ਆਉਣ ਤੋਂ ਲੈ ਕੇ ਹੁਣ ਤੱਕ 95 ਫੀਸਦੀ ਕੇਸ ਆਪੋਜ਼ੀਸ਼ਨ ਆਗੂਆਂ ਖਿਲਾਫ ਹੀ ਦਰਜ ਕੀਤੇ ਹਨ । ਸਰਕਰਦਾ ਅੰਗਰੇਜ਼ੀ ਅਖਬਾਰ ਇੰਡੀਅਨ ਐਕਸਪ੍ਰੈਸ ਦੇ ਵਿਸ਼ਲੇਸ਼ਣ ਮੁਤਾਬਕ ਮੋਦੀ ਸਰਕਾਰ ਦੌਰਾਨ ਈ ਡੀ ਨੇ ਮਨਮੋਹਨ ਸਿੰਘ ਦੀ ਯੂ ਪੀ ਏ ਸਰਕਾਰ ਨਾਲੋਂ ਸਿਆਸਤਦਾਨਾਂ ਖਿਲਾਫ ਚਾਰ ਗੁਣਾ ਵੱਧ ਕੇਸ ਕੀਤੇ ਹਨ । 2014 ਤੋਂ 2022 ਤੱਕ ਈ ਡੀ ਨੇ 121 ਸਿਆਸਤਦਾਨਾਂ 'ਤੇ ਛਾਪੇ ਮਾਰੇ, ਜਿਨ੍ਹਾਂ ਵਿੱਚੋਂ 115 ਆਪੋਜ਼ੀਸ਼ਨ ਦੇ ਆਗੂ ਹਨ । ਯੂ ਪੀ ਏ ਸਰਕਾਰ ਵੇਲੇ 26 ਸਿਆਸਤਦਾਨਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿੱਚੋਂ 14 ਆਪੋਜ਼ੀਸ਼ਨ ਦੇ ਸਨ ।


Punjab TRAVELS




ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।



ਜੀਵਨ ਸਿੰਘ ਮੋਗਾ

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

**Ph : 604-825-3075, 604-744-4400**

**2642 Cedar Park Abbotsford, British Columbia V2T 3S5**

**SekCheck FINGERPRINTING SERVICES**

*Digital Fingerprinting
*Police Certificate CPIC
*Overseas Police Check
*Ink & Roll Fingerprinting
*Name Change Application
*Record Suspension
*US Waiver

**Ph:604-628-4446, 778-536-1188**

**#255-13711-72Ave Surrey, BC**



# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

**8115, 132 ਸਟਰੀਟ, ਸਰੀ, ਬੀ.ਸੀ. V3W 4N5**

### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

ਇਸ ਹਫਤੇ ਗੁਰਦਵਾਰਾ ਸਾਹਿਬ ਵਿਖੇ ਸ਼ਹੀਦੀ ਦਿਹਾੜਾ ਭਾਈ ਸੁਬੇਗ ਸਿੰਘ, ਭਾਈ ਸ਼ਾਜਬਾਜ਼ ਸਿੰਘ ਅਤੇ ਭਾਈ ਬਲਵੰਤ ਸਿੰਘ ਖੁਰਦਪੁਰ ਦਾ ਮਨਾਇਆ ਜਾਵੇਗਾ। ਚਾਰ ਸ੍ਰੀ ਅਖੰਡਪਾਠ ਸਾਹਿਬ ਜੀ ਦੀ ਸੇਵਾ ਹੋਵੇਗੀ 1. ਨਗਰ ਦੋਨਾ ਦੀ ਧਾਲੀਵਾਲ ਸੰਗਤ ਵੱਲੋਂ 2.ਭਾਈ ਉਪਿੰਦਰ ਸਿੰਘ ਜੋਸਨ ਪ੍ਰੀਵਾਰ ਵੱਲੋਂ 3.ਭਾਈ ਗੁਰਸੇਵਕ ਸਿੰਘ ਦੇ ਪ੍ਰੀਵਾਰ ਵੱਲੋਂ 4. ਭਾਈ ਦਮਨਜੀਤ ਸਿੰਘ ਗਰੇਵਾਲ ਅਤੇ ਬੀਬੀ ਮੋਨਿਕਾ ਗਰੇਵਾਲ ਪ੍ਰੀਵਾਰ ਵੱਲੋਂ। ਜਿਨਾ ਦੀ ਅਰੰਭਤਾ 29 ਮਾਰਚ ਸ਼ੁਕਰਵਾਰ ਸਵੇਰੇ 9:30 ਅਤੇ ਭੋਗ 31 ਮਾਰਚ ਦਿਨ ਐਤਵਾਰ ਨੂੰ ਸਵੇਰੇ 9:30 ਵਜ਼ੇ ਪੈਣਗੇ। ਉਪ੍ਰੰਤ ਦੀਵਾਨ ਸਜਣਗੇ। ਗੁਰੂ ਕਾ ਲੰਗਰ ਅਟੱਟ ਵਰਤੇਗਾ।



-ਸ਼ੁਕਰਵਾਰ 29 ਮਾਰਚ ਨੂੰ ਸਵੇਰੇ 11:30 ਵਜ਼ੇ ਸਹਿਜ ਪਾਠ ਦੇ ਭੋਗ ਭਾਈ ਅਮਰਬੀਰ ਸਿੰਘ ਦੇ ਪ੍ਰੀਵਾਰ ਵੱਲੋਂ ਜਾਣਗੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ। -ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਹਰਭਜਨ ਸਿੰਘ ਤੰਬੜ ਪ੍ਰੀਵਾਰ ਵੱਲੋਂ ਹੋਵੇਗੀ। -

-ਸ਼ਨੀਚਰਵਾਰ 30 ਮਾਰਚ ਨੂੰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਤਿੰਨ ਪ੍ਰੀਵਾਰਾਂ ਵੱਲੋਂ ਹੋਵੇਗੀ 1.ਭਾਈ ਬਲਜਿੰਦਰ ਸਿੰਘ ਦੇ ਪ੍ਰੀਵਾਰ ਵੱਲੋਂ ਬੱਚੀ ਦੇ ਜਨਮ ਦਿਨ ਦੀ ਖੁਸ਼ੀ ਵਿੱਚ 2.ਭਾਈ ਰਾਜਦੀਪ ਚੰਦੀ ਪ੍ਰੀਵਾਰ ਵੱਲੋਂ ਬੱਚੀ ਰੌਣਕ ਕੌਰ ਦੇ ਜਨਮ ਦਿਨ ਦੀ ਖੁਸ਼ੀ ਵਿੱਚ 3.ਭਾਈ ਲੈਂਬਰ ਸਿੰਘ ਦੇ ਪ੍ਰੀਵਾਰ ਵੱਲੋਂ ।

-ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਚਾਰ ਪ੍ਰੀਵਾਰਾਂ ਵੱਲੋਂ ਹੋਵੇਗੀ 1.ਭਾਈ ਗੁਰਸੇਵਕ ਸਿੰਘ ਸਿੱਧੂ ਪ੍ਰੀਵਾਰ 2. ਭਾਈ ਬਲਪ੍ਰੀਤ ਸਿੰਘ ਦੇ ਪ੍ਰੀਵਾਰ 3. ਭਾਈ ਮਨਜੀਤ ਸਿੰਘ ਪ੍ਰੀਵਾਰ 4.ਭਾਈ ਗੁਰਦੀਪ ਸਿੰਘ ਪ੍ਰੀਵਾਰ।

-ਐਤਵਾਰ 31 ਮਾਰਚ ਨੂੰ ਸਵੇਰ ਦੇ ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਦਲਜੀਤ ਸਿੰਘ ਸਰਾਂ ਵੱਲੋਂ ਪੋਤਰੇ ਦੇ ਜਨਮ ਦਿਨ ਦੀ ਖੁਸ਼ੀ ਵਿੱਚ । -ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਬੀਬੀ ਰਮਨਦੀਪ ਕੌਰ ਉੱਪਲ ਪ੍ਰੀਵਾਰ ਵੱਲੋਂ ਹੋਵੇਗੀ

-ਸੋਮਵਾਰ ਇੱਕ ਅਪ੍ਰੈਲ ਨੂੰ ਅੰਤਮ ਸਸਕਾਰ ਸਵ:ਬੀਬੀ ਗੁਰਮੀਤ ਕੌਰ ਦਾ ਸਵੇਰੇ 10 ਵਜ਼ੇ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ ਉਪ੍ਰੰਤ ਭੋਗ 11:30 ਵਜ਼ੇ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਪਾਏ ਜਾਣਗੇ

-ਮੰਗਲਵਾਰ 2 ਅਪ੍ਰੈਲ ਸ਼ਾਮ ਨੂੰ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਗੁਰਪ੍ਰੀਤ ਸਿੰਘ ਦੇ ਪ੍ਰੀਵਾਰ ਵੱਲੋਂ ਹੋਵੇਗੀ।

-ਵੀਰਵਾਰ 4 ਅਪ੍ਰੈਲ ਨੂੰ ਭਾਈ ਅਜੀਤ ਸਿੰਘ ਸੇਖੋਂ ਪ੍ਰੀਵਾਰ ਵੱਲੋਂ ਸਵੇਰੇ 9:30 ਵਜ਼ੇ ਸ੍ਰੀ ਅਖੰਡਪਾਠ ਸਾਹਿਬ ਪ੍ਰਕਾਸ ਕਰਵਾਏ ਜਾਣਗੇ ਜਿਨਾ ਭੋਗ 6 ਅਪ੍ਰੈਲ ਸਵੇਰੇ 9:30 ਵਜ਼ੇ ਪਾਏ ਜਾਣਗੇ ਉਪ੍ਰੰਤ ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਰਾਗੀ ਜਥੇ : ਭਾਈ ਬਲਦੇਵ ਸਿੰਘ ਜੀ ਜਲੰਧਰ ਵਾਲੇ ਭਾਈ ਯਾਦਵਿੰਦਰ ਸਿੰਘ ਜੀ,ਭਾਈ ਪ੍ਰਮਿੰਦਰ ਸਿੰਘ ਜੀ. ਕਥਾਵਾਚਕ:ਭਾਈ ਰਸ਼ਪਾਲ ਸਿੰਘ ਫਾਜ਼ਿਲਕਾ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**

**ਫੋਨ:604-590-3232, 604-590-3224**

## ਕੇਜਰੀਵਾਲ ਨੇ ਕਰੋੜਾਂ ਭਾਰਤੀਆਂ ਦਾ ਭਰੋਸਾ ਤੋੜਿਆ ਹੈ : ਅੰਨਾ ਹਜ਼ਾਰੇ

ਦਿੱਲੀ :- ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ‘ਤੇ ਅੰਨਾ ਹਜ਼ਾਰੇ ਨੇ ਚਿੱਠੀ ਲਿਖੀ ਹੈ ਜਿਸ ਵਿੱਚ ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਦੀ ਸ਼ਰਾਬ ਨੀਤੀ ਅਤੇ ਇਸ ਰਾਹੀਂ ਕੀਤੇ ਭ੍ਰਿਸ਼ਟਾਚਾਰ ਦੇ ਸਬੰਧ ਵਿੱਚ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਤੋਂ ਮੈਂ ਬਹੁਤ ਦੁਖੀ ਹਾਂ। ਸਭ ਤੋਂ ਵੱਡੀ ਵਿਡੰਬਨਾ ਇਹ ਹੈ ਕਿ ਭ੍ਰਿਸ਼ਟਾਚਾਰ ਵਿਰੁੱਧ ਲੜਨ ਵਾਲੇ ਦੇਸ਼ ਦੇ ਸਭ ਤੋਂ ਵੱਡੇ ਜਨ ਲੋਕਪਾਲ ਅੰਦੋਲਨ ਵਿੱਚ ਮੇਰਾ ਭਾਈਵਾਲ ਅਰਵਿੰਦ ਕੇਜਰੀਵਾਲ ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਫੜਿਆ ਗਿਆ ਹੈ। ਅੰਨਾ ਹਜ਼ਾਰੇ ਨੇ ਚਿੱਠੀ ‘ਚ ਅੱਗੇ ਲਿਖਿਆ, ‘ ’ਮੈਂ ਆਪਣੀ ਪੂਰੀ ਜ਼ਿੰਦਗੀ ਜਿਨ੍ਹਾਂ ਚੀਜ਼ਾਂ ਦੇ ਖਿਲਾਫ ਖਰਚ ਕੀਤੀ ਹੈ, ਉਨ੍ਹਾਂ ਸਭ ਦੇ ਖਿਲਾਫ ਜਾ ਕੇ ਕੇਜਰੀਵਾਲ ਨੇ ਕਰੋੜਾਂ ਭਾਰਤੀਆਂ ਦਾ ਭਰੋਸਾ ਤੋੜਿਆ ਹੈ। ਇਸ ਤਰ੍ਹਾਂ ਦੇ ਵਿਵਹਾਰ ਨਾਲ ਸਮਾਜਿਕ ਅੰਦੋਲਨਾਂ ‘ਚ ਕੰਮ ਕਰਨ ਵਾਲੇ ਲੋਕਾਂ ਦਾ ਭਰੋਸਾ ਟੁੱਟ ਗਿਆ ਹੈ। “ਲੋਕਾਂ ਦਾ ਵਿਸ਼ਵਾਸ ਖਤਮ ਹੋ ਜਾਵੇਗਾ। ਇਹ ਹੁਣ ਸਪੱਸ਼ਟ ਹੈ ਕਿ ਇੱਕ ਪਵਿੱਤਰ ਅੰਦੋਲਨ ਨੂੰ ਸਿਆਸੀ ਲਾਭ ਲਈ ਵਰਤਿਆ ਗਿਆ ਸੀ।“

## ਯੂ.ਪੀ ਵਿੱਚ ਮਦਰੱਸੇ ਹੋਣਗੇ ਬੰਦ

ਇਲਾਹਾਬਾਦ :-ਹਾਈ ਕੋਰਟ ਨੇ ਯੂਪੀ ਬੋਰਡ ਆਫ਼ ਮਦਰਸਾ ਐਜੂਕੇਸ਼ਨ ਐਕਟ-2004 ਨੂੰ ਗੈਰ-ਸੰਵਿਧਾਨਕ ਕਰਾਰ ਦਿੰਦੇ ਹੋਏ ਕਿਹਾ ਕਿ ਇਹ ਧਰਮ ਨਿਰਪੱਖਤਾ ਦੇ ਸਿਧਾਂਤ ਦੀ ਉਲੰਘਣਾ ਹੈ। ਅਦਾਲਤ ਨੇ ਕਿਹਾ ਕਿ ਇਹ ਐਕਟ ਭਾਰਤੀ ਸੰਵਿਧਾਨ ਦੀ ਧਾਰਾ 14, 21 ਅਤੇ 21 (ਏ) ਦੀ ਉਲੰਘਣਾ ਕਰਦਾ ਹੈ। ਇੰਡੀਅਨ ਐਕਸਪ੍ਰੈਸ ਮੁਤਾਬਕ ਅਦਾਲਤ ਨੇ ਇਸ ਨੂੰ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਐਕਟ-1956 ਦੀ ਧਾਰਾ 22 ਦੀ ਉਲੰਘਣਾ ਵੀ ਕਰਾਰ ਦਿੱਤਾ ਹੈ।ਰਾਜ ਵਿੱਚ ਮਦਰੱਸਿਆਂ ਦੇ ਵਿਦਿਆਰਥੀਆਂ ਦੀ ਵੱਡੀ ਗਿਣਤੀ ਨੂੰ ਧਿਆਨ ਵਿੱਚ ਰੱਖਦੇ ਹੋਏ, ਅਦਾਲਤ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਹਦਾਇਤ ਕੀਤੀ ਕਿ ਇਨ੍ਹਾਂ ਵਿਦਿਆਰਥੀਆਂ ਨੂੰ ਰਾਜ ਦੇ ਸਿੱਖਿਆ ਬੋਰਡਾਂ ਅਧੀਨ ਮਾਨਤਾ ਪ੍ਰਾਪਤ ਸਕੂਲਾਂ ਵਿੱਚ ਸ਼ਾਮਲ ਕਰਨ ਲਈ ਤੁਰੰਤ ਕਦਮ ਚੁੱਕੇ ਜਾਣ।

## 2024 ਵਿੱਚ ਹੁਣ ਤੱਕ ਭਾਰਤੀ ਈਸਾਈਆਂ ‘ਤੇ 150 ਤੋਂ ਵੱਧ ਹਮਲੇ

ਨਵੀਂ ਦਿੱਲੀ: ਦਿੱਲੀ ਸਥਿਤ ਸਿਵਲ ਸੋਸਾਇਟੀ ਸੰਗਠਨ ਯੂਨਾਈਟਿਡ ਕ੍ਰਿਸਚੀਅਨ ਫੋਰਮ (ਯੂ. ਸੀ. ਐੱਫ.) ਨੇ ਇਕ ਪ੍ਰੈੱਸ ਰਿਲੀਜ਼ ‘ਚ ਕਿਹਾ ਹੈ ਕਿ 2024 ‘ਚ ਆਮ ਚੋਣਾਂ ਤੋਂ ਪਹਿਲਾਂ ਢਾਈ ਮਹੀਨੇ ਪਹਿਲਾਂ ‘ਮੂਲ ਮੌਲਿਕ ਅਧਿਕਾਰਾਂ ਅਤੇ ਸੁਰੱਖਿਆ ‘ਚ ਵੱਡੇ ਪੱਧਰ ‘ਤੇ ਗਿਰਾਵਟ ਦੇਖਣ ਨੂੰ ਮਿਲੀ। ਰਿਪੋਰਟ ਦੇ ਅਨੁਸਾਰ, ‘ਜਨਵਰੀ ਵਿੱਚ ਈਸਾਈਆਂ ਦੇ ਖਿਲਾਫ ਹਿੰਸਾ ਦੀਆਂ 70 ਘਟਨਾਵਾਂ, ਫਰਵਰੀ ਦੇ 29 ਦਿਨਾਂ ਵਿੱਚ 62 ਘਟਨਾਵਾਂ ਅਤੇ ਮਾਰਚ, 2024 ਦੇ 15 ਦਿਨਾਂ ਵਿੱਚ 29 ਘਟਨਾਵਾਂ ਹੋਈਆਂ। ਇਸ ਤਰ੍ਹਾਂ 2.5 ਮਹੀਨਿਆਂ ਵਿੱਚ ਕੁੱਲ 161 ਘਟਨਾਵਾਂ ਵਾਪਰੀਆਂ।ਘਟਨਾਵਾਂ ਵਿੱਚ ਹਿੰਸਾ, ਚਰਚਾਂ ਜਾਂ ਪ੍ਰਾਰਥਨਾ ਸਥਾਨਾਂ ‘ਤੇ ਹਮਲੇ, ਧਾਰਮਿਕ ਅਨੁਯਾਈਆਂ ਨੂੰ ਪਰੇਸ਼ਾਨ ਕਰਨਾ, ਬਾਈਕਾਟ ਅਤੇ ਕਮਿਊਨਿਟੀ ਸਰੋਤਾਂ ਤੱਕ ਪਹੁੰਚ ਨੂੰ ਸੀਮਤ ਕਰਨਾ, ਅਤੇ ਖਾਸ ਤੌਰ ‘ਤੇ ‘ਜ਼ਬਰੀ ਧਰਮ ਪਰਿਵਰਤਨ’ ਨਾਲ ਸਬੰਧਤ ਝੂਠੇ ਦੋਸ਼ ਸ਼ਾਮਲ ਹਨ।ਸਮੂਹ ਨੇ ਕਿਹਾ, ‘ਭਾਰਤ ਵਿੱਚ ਕੁੱਲ 19 ਰਾਜ ਹਨ ਜਿੱਥੇ ਈਸਾਈਆਂ ਨੂੰ ਆਪਣੇ ਵਿਸ਼ਵਾਸ ਦਾ ਅਭਿਆਸ ਕਰਨ ਲਈ ਮੌਤ ਦੀ ਧਮਕੀ ਦਾ ਸਾਹਮਣਾ ਕਰਨਾ ਪੈਂਦਾ ਹੈ। 2024 ਦੇ ਸਿਰਫ਼ 75 ਦਿਨਾਂ ਵਿੱਚ, 122 ਈਸਾਈ ਅਜਿਹੇ ਹਨ ਜਿਨ੍ਹਾਂ ਨੂੰ ਧਰਮ ਪਰਿਵਰਤਨ ਦੇ ਝੂਠੇ ਦੋਸ਼ਾਂ ਵਿੱਚ ਹਿਰਾਸਤ ਵਿੱਚ ਲਿਆ ਗਿਆ ਹੈ ਜਾਂ ਗ੍ਰਿਫਤਾਰ ਕੀਤਾ ਗਿਆ ਹੈ।









# ਸਿਹਤ ਸੰਬੰਧੀ



## ਬਜ਼ੁਰਗਾਂ ਵਿੱਚ ਭੁੱਲਣ ਦੀ ਸਮੱਸਿਆ ਅਤੇ ਹੋਮਿਓਪੈਥੀ

ਉਂਝ ਤਾਂ ਭੁੱਲਣ ਦੀ ਸਮੱਸਿਆ ਕਿਸੇ ਨੂੰ ਵੀ ਉਮਰ ਦੇ ਵੱਖ-ਵੱਖ ਪੜਾਵਾਂ ਉੱਤੇ ਹੋ ਸਕਦੀ ਹੈ, ਪਰ ਕਈਆਂ ਵਿੱਚ ਵਧਦੀ ਉਮਰ ਦੇ ਨਾਲ-ਨਾਲ ਭੁਲੱਕਣਪੁਣਾ ਵਧਣਾ ਦਿਖਾਈ ਦਿੰਦਾ ਹੈ। ਇਸ ਲੇਖ ਰਾਹੀਂ ਬਜ਼ੁਰਗਾਂ ਵਿੱਚ ਭੁੱਲਣ ਦੀ ਸਮੱਸਿਆ ਅਤੇ ਯਾਦਾਸ਼ਤ ਦੀ ਘਾਟ ਜਾਂ ਯਾਦਾਸ਼ਤ ਗਵਾਉਣ ਦੇ ਵਿਸ਼ੇ ’ਤੇ ਚਾਨਣ ਪਾਇਆ ਜਾਵੇਗਾ। ਦਿਮਾਗ ਨੂੰ ਮਿਲਦੀ ਖ਼ੁਰਾਕ “ਨਿਊਰੋਟ੍ਰਾਂਸਮਿਟਰ” ਦੀ ਉਪਜ ਵਾਸਤੇ ਇੰਧਣ ਦਾ ਕੰਮ ਕਰਨ ਦੇ ਨਾਲ-ਨਾਲ “ਐਂਟੀ ਆਕਸੀਡੈਂਟ” ਨੂੰ ਵੀ ਬਰਕਰਾਰ ਰੱਖਦੀ ਹੈ। ਭੁੱਲਣ ਦੀ ਬਿਮਾਰੀ ਦੇ ਪਿੱਛੇ ਅਨੇਕਾਂ ਕਾਰਣ ਹੋ ਸਕਦੇ ਹਨ ਜਿਨ੍ਹਾਂ ਤੋਂ ਆਮ ਜ਼ਿੰਦਗੀ ਵਿੱਚ ਆਸਾਨੀ ਨਾਲ ਬਚਿਆ ਜਾ ਸਕਦਾ ਹੈ।

ਅਲੂਮਨਮ, ਸਿੱਕਾ (ਲੈੱਡ), ਮਰਕਰੀ (ਪਾਰਾ), ਅਤੇ ਵਾਧੂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਨਾਲ ਖੇਤਾਂ ਵਿੱਚ ਉਗਾਈ ਭੋਜਨ ਸਮੱਗਰੀ ਖਾਣ ਨਾਲ ਜਿੱਥੇ ਦਿਮਾਗ ਉੱਪਰ ਮਾੜਾ ਪ੍ਰਭਾਵ ਪੈਂਦਾ ਹੈ ਉੱਥੇ ਹੀ ਦਿਮਾਗ ਨੂੰ ਸੀਲੇਨੀਏਮ, ਵਿਟਾਮਿਨ ਈ ਅਤੇ ਫ਼ੋਲਿਕ ਐਸਿਡ ਜਿਹੇ ਕਈ ਤਰ੍ਹਾਂ ਦੇ ਪੋਸ਼ਕ ਤੱਤਾਂ ਦੀ ਵੀ ਘਾਟ ਹੋ ਜਾਂਦੀ ਹੈ। ਬਜ਼ੁਰਗਾਂ ਵਿੱਚ “ਅਲਜ਼ਾਈਮਰਜ਼” (ਭੁੱਲਣ ਦੀ ਬਿਮਾਰੀ) ਇੱਕ ਭਿਆਨਕ ਬਿਮਾਰੀ ਹੈ ਜਿਸ ਦੇ ਕਾਰਣ ਅਸਪਸ਼ਟ ਹਨ। ਅਮਰੀਕਾ ਵਿੱਚ 65 ਸਾਲ ਤੋਂ ਵਡੇਰੀ ਉਮਰ ਦੇ ਲਗਭਗ 10% ਬਜ਼ੁਰਗ ਇਸ ਬਿਮਾਰੀ ਨਾਲ ਪੀੜਤ ਹਨ। 40 ਤੋਂ 65 ਸਾਲ ਦੇ ਉਮਰ ਵਰਗ ਵਿੱਚ ਲਗਭਗ 5% ਵਿਅਕਤੀ ਇਸ ਬਿਮਾਰੀ ਤੋਂ ਪ੍ਰਭਾਵਿਤ ਹਨ। ਭੁੱਲਣ ਦੀ ਆਦਤ 20 ਤੋਂ 40 ਸਾਲ ਦੀ ਉਮਰ ਵਿਚਕਾਰ ਵੀ ਸ਼ੁਰੂ ਹੋ ਸਕਦੀ ਹੈ, ਪਰ ਇਹ ਵੇਖਣ ਵਿੱਚ ਵੀ ਆਇਆ ਹੈ ਕਿ ਲਗਭਗ 40% ਕੇਸਾਂ ਵਿੱਚ ਇਸ ਬਿਮਾਰੀ ਦੀ ਸਹੀ ਪਛਾਣ ਹੀ ਨਹੀਂ ਹੁੰਦੀ।

ਡਮੈਨਸ਼ੀਆ ਜਾਂ ਦਿਮਾਗੀ ਨਿਘਾਰ ਦਾ ਪਤਾ ਕਰਨ ਲਈ ਦਿਮਾਗ ਦੀ ਨਾੜੀਆਂ ਦੇ ਸਖ਼ਤ ਹੋਣ ਜਾਂ ਅਧਰੰਗ ਦੇ ਛੋਟੇ-ਛੋਟੇ ਦੌਰੇ ਪੈਣ ਜਿਹੇ ਹੋਰਨਾਂ ਸੰਭਾਵੀ ਕਾਰਣਾਂ ਦੀ ਪਰਖ ਕੀਤੀ ਜਾਣੀ ਵੀ ਜ਼ਰੂਰੀ ਹੈ। ਸਰੀਰ ਵਿੱਚ ਪਾਣੀ ਦੀ ਕਮੀ, ਉਦਾਸੀ ਰੋਗ ਅਤੇ ਨਸ਼ੇ ਦੀ ਆਦਤ ਵੀ ਇਸ ਰੋਗ ਵਿੱਚ ਯੋਗਦਾਨ ਪਾ ਸਕਦੀਆਂ ਹਨ। ਦਿਮਾਗੀ ਸਿਹਤ ਵਾਸਤੇ ਜਿੱਥੇ ਸਰੀਰਕ ਕਸਰਤ ਅਤੇ ਦਿਮਾਗੀ ਕਸਰਤ ਦੀ ਵੱਡੀ ਭੂਮਿਕਾ ਹੈ, ਉੱਥੇ ਹੀ ਸਾਡੀ ਜੀਵਨ ਸ਼ੈਲੀ ਅਤੇ ਭੋਜਨ ਉੱਤੇ ਵੀ ਇੱਕ ਚੰਗੀ ਦਿਮਾਗੀ ਸਿਹਤ ਉਸਰਦੀ ਹੈ। ਹੇਠਾਂ ਦਿੱਤੇ ਕੁਝ ਫਲ ਅਤੇ ਸਬਜ਼ੀਆਂ ਦਿਮਾਗੀ ਸਿਹਤ ਅਤੇ ਯਾਦਾਸ਼ਤ ਨੂੰ ਸਹੀ ਰੱਖਣ ਲਈ ਸਹਾਈ ਹੋ ਸਕਦੀਆਂ ਹਨ:

- ਐਵੋਕਾਡੋ
- ਚੁਕੰਦਰ
- ਬਲੂਬੈਰੀਆਂ
- ਬ੍ਰੌਕਲੀ



**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579

- ਸੈਲਰੀ
- ਖੋਪੇ ਦਾ ਤੇਲ
- ਡਾਰਕ ਚਾਕਲੇਟ
- ਅੰਡੇ ਦਾ ਯੋਕ
- ਐਕਸਟ੍ਰਾ ਵਰਜਿਨ ਆਲਿਵ ਓਇਲ
- ਹਰੀਆਂ ਸਬਜ਼ੀਆਂ
- ਰੋਜ਼ਮੈਰੀ
- ਸੈਲਮਨ
- ਹਲਦੀ
- ਅਖਰੋਟ

ਹੋਮਿਓਪੈਥਿਕ ਉਪਚਾਰ:

ਦਿਮਾਗੀ ਸਿਹਤ ਦੀ ਦੇਖਭਾਲ ਅਤੇ ਤੰਦਰੁਸਤੀ ਵਾਸਤੇ ਹੋਮਿਓਪੈਥੀ ਦੀਆਂ ਕਾਰਗਰ ਦਵਾਈਆਂ ਸਹਾਇਕ ਹੋ ਸਕਦੀਆਂ ਹਨ ਜਿਨ੍ਹਾਂ ਰਾਹੀਂ ਦਿਮਾਗ ਨੂੰ ਪੋਸ਼ਣ ਅਤੇ ਆਕਸੀਜਨ ਦੀ ਲੋੜੀਂਦੀ ਸਪਲਾਈ ਮਿਲਦੀ ਹੈ। ਸਹੀ ਦਵਾਈ ਦੀ ਵਰਤੋਂ ਨਾਲ “ਨਿਊਰੋਟ੍ਰਾਂਸਮਿਟਰ ਪ੍ਰਣਾਲੀ” ਉੱਪਰ ਵਧੀਆ ਪ੍ਰਭਾਵ ਪੈਂਦਾ ਹੈ। ਹੋਮਿਓਪੈਥਿਕ ਦਵਾਈਆਂ ਰਾਹੀਂ ਦਿਮਾਗੀ ਇਕਾਗਰਤਾ ਅਤੇ ਯਾਦਾਸ਼ਤ ਨੂੰ ਬਰਕਰਾਰ ਰੱਖਣ ਅਤੇ ਵਧਾਉਣ ਵਾਸਤੇ ਮਦਦ ਮਿਲ ਸਕਦੀ ਹੈ। ਯਾਦਾਸ਼ਤ ਦੀਆਂ ਮਾਮੂਲੀ ਸਮੱਸਿਆਵਾਂ ਵਿੱਚ ਹੋਮਿਓਪੈਥੀ ਦੀ “30 ਪੋਟੈਂਸੀ” ਦੀ ਢੁਕਵੀਂ ਦਵਾਈ ਲਈ ਜਾ ਸਕਦੀ ਹੈ। ਪਰ, ਵਿਗੜੀ ਹੋਈ ਯਾਦਾਸ਼ਤ ਦੀ ਸਥਿਤੀ ਵਿੱਚ ਸਹੀ ਦਵਾਈ ਦੀ ਛੋਟੀ ਤੋਂ ਛੋਟੀ ਤਾਕਤ ਲੈਣੀ ਫ਼ਾਇਦੇਮੰਦ ਹੋ ਸਕਦੀ ਹੈ। ਢੁਕਵੀਂ ਦਵਾਈ ਅਤੇ ਉਸ ਦੀ ਸਹੀ ਪੋਟੈਂਸੀ ਦੀ ਚੋਣ ਸਿਰਫ਼ ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਹੀ ਕਰ ਸਕਦਾ ਹੈ ਅਤੇ ਆਪਣੇ ਬਗ਼ੈਰ ਮਾਹਿਰ ਸਲਾਹ ਤੋਂ ਹੋਮਿਓਪੈਥਿਕ ਦਵਾਈਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਲੱਛਣਾ ਮੁਤਾਬਕ ਕੁਝ ਦਵਾਈਆਂ ਜਿਵੇਂ ਕਿ ਅਨਾਕਾਰਡੀਅਮ, ਬ੍ਰੈਟਾ ਕਾਰਬ, ਕੋਨੀਅਮ, ਲਾਇਕੋਪੋਡੀਅਮ, ਥੂਜਾ ਆਦਿ ਤਜਵੀਜ਼ ਕੀਤੀਆਂ ਜਾ ਸਕਦੀਆਂ ਹਨ।

## ਇਨ੍ਹਾਂ ਘਰੇਲੂ ਨੁਸਖਿਆਂ ਨਾਲ ਕਬਜ਼ ਤੇ ਪੇਟ ਦੇ ਰੋਗਾਂ ਤੋਂ ਮਿਲਦੈ ਛੁਟਕਾਰਾ

ਹਰ ਇਕ ਵਿਅਕਤੀ ਅੱਜਕਲ ਕਬਜ਼ ਤੋਂ ਬਹੁਤ ਪਰੇਸ਼ਾਨ ਹੈ, ਜਿਸ ਤੋਂ ਛੁਟਕਾਰਾ ਪਾਉਣ ਲਈ ਲੋਕ ਕਈ ਤਰ੍ਹਾਂ ਦੀਆਂ ਦਵਾਈਆਂ ਦੀ ਵਰਤੋਂ ਕਰਦੇ ਹਨ ਪਰ ਫਿਰ ਵੀ ਕਈ ਵਾਰ ਕਬਜ਼ ਤੋਂ ਛੁਟਕਾਰਾ ਨਹੀਂ ਮਿਲਦਾ ਹੈ। ਅੱਜ ਅਸੀਂ ਤੁਹਾਨੂੰ ਅਜਿਹੇ ਹੀ ਕੁਝ ਘਰੇਲੂ ਨੁਸਖਿਆਂ ਬਾਰੇ ਦੱਸਣ ਜਾ ਰਹੇ ਹਾਂ, ਜਿਨ੍ਹਾਂ ਦੀ ਵਰਤੋਂ ਕਰਕੇ ਤੁਸੀਂ ਕਬਜ਼ੇ ਦੇ ਨਾਲ-ਨਾਲ ਪੇਟ ਸਬੰਧੀ ਕਈ ਰੋਗਾਂ ਤੋਂ ਛੁਟਕਾਰਾ ਪਾ ਸਕਦੇ ਹੋ।

**ਰੋਜ਼ਾਨਾ ਸੇਵਰੇ ਪੀਓ ਗੁਨਗੁਣਾ ਪਾਣੀ**

ਸਭ ਤੋਂ ਪਹਿਲਾਂ ਤਾਂ ਰੋਜ਼ਾਨਾ ਸਵੇਰੇ ਦਾਤਣ ਬਰੱਸ਼ ਕਰਕੇ 2 ਗਿਲਾਸ ਗੁਨਗੁਨਾ ਪਾਣੀ ਪੀਓ। ਇਸ ਤੋਂ ਇਲਾਵਾ ਹਰ-ਰੋਜ਼ ਰਾਤ ਨੂੰ ਸੌਣ ਤੋਂ 1 ਘੰਟਾ ਪਹਿਲਾਂ ਦੋ ਗਿਲਾਸ ਪਾਣੀ ਪੀਓ। ਸ਼ੁੱਧ ਘਿਉ ਦਾ ਸੇਵਨ ਕਰੋ ਕਿਉਂਕਿ ਇਹ ਤੁਹਾਡੀਆਂ ਆਂਤੜੀਆਂ ਦੀ ਚਿਕਨਾਹਟ

ਨਸ਼ਿਆਂ ਤੋਂ ਛੁਟਕਾਰਾ ਪਾਉ

night & day
recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca




ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ

ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD & 
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

ਲਈ ਬੇਹਦ ਜ਼ਰੂਰੀ ਹੈ ਅਤੇ ਰਿਫਾਇੰਡ ਤੇਲ ਤੋਂ ਬਚੋ। ਮਿਰਚ ਮਸਾਲੇ ਵਾਲੀਆਂ ਚੀਜਾਂ ਜਿਵੇਂ-ਮੈਦਾ ਅਤੇ ਮੈਦੇ ਤੋਂ ਬਣੀਆਂ ਚੀਜ਼ਾਂ, ਆਲੂ, ਮਟਰ ,ਫਾਸਟ-ਫੂਡ ,ਭਾਰੀ ਭੋਜਨ, ਜੰਕ-ਫੂਡ ਦਾ ਸੇਵਨ ਕਦੇ ਵੀ ਨਾ ਕਰੋ। ਅਜਿਹਾ ਕਰਨ ਨਾਲ ਤੁਹਾਡਾ ਪਾਚਨ-ਤੰਤਰ ਸੁਧਰੇਗਾ ਅਤੇ ਕਬਜ ਦੇ ਨਾਲ ਪੇਟ ਦੇ ਕਈ ਰੋਗਾਂ ਤੋਂ ਹਮੇਸ਼ਾਂ ਲਈ ਛੁਟਕਾਰਾ ਮਿਲੇਗਾ।

**ਅਰੰਡੀ ਦੇ ਤੇਲ 'ਚ ਇਨ੍ਹਾਂ ਚੀਜ਼ਾਂ ਨੂੰ ਮਿਲਾ ਕੇ ਬਣਾਓ ਮਿਸ਼ਰਣ**

1) ਅਰੰਡੀ ਦਾ ਤੇਲ ਲੋੜ ਮੁਤਾਬਕ

2) ਹਰੜ-250 ਗ੍ਰਾਮ। ਇਥੇ ਦੱਸ ਦੇਈਏ ਕਿ ਹਰੜ ਇਕ ਆਯੁਰਵੈਦਿਕ ਦਵਾਈ ਹੈ। ਇਹ ਤ੍ਰਿਫਲਾ 'ਚ ਪਾਏ ਜਾਣ ਵਾਲੇ ਤਿੰਨ ਫਲਾਂ 'ਚੋਂ ਇਕ ਹੈ। ਹਰੜ ਖਾਣ ਨਾਲ ਸਰੀਰ ਦੇ ਕਈ ਅੰਗਾਂ ਦੀ ਬਲੌਕੇਜ (ਰੁਕਾਵਟ) ਦੂਰ ਹੁੰਦੀ ਹੈ ਅਤੇ ਪੇਟ ਦੀ ਸਫਾਈ ਕਰਕੇ ਇਹ ਪਾਚਨ ਕਿਰਿਆ ਨੂੰ ਠੀਕ ਰੱਖਦਾ ਹੈ। ਇਹ ਦਵਾਈ ਭਾਰਤ ਦੇ ਤਿੰਨ ਖੇਤਰਾਂ- ਹਿਮਾਚਲ ਪ੍ਰਦੇਸ਼, ਪੱਛਮੀ ਬੰਗਾਲ ਅਤੇ ਅਸਮ 'ਚ ਪਾਈ ਜਾਂਦੀ ਹੈ। ਇਨ੍ਹਾਂ ਖੇਤਰਾਂ 'ਚ ਹਰੜ ਦੀ ਖੇਤੀ ਕੀਤੀ ਜਾਂਦੀ ਹੈ। ਆਯੁਰਵੈਦਿਕ ਡਾਕਟਰ ਅਤੇ ਹਾਫੀਕੰਸ ਇੰਸਟੀਚਿਊਟ ਫੋਰ ਟਰੇਨਿੰਗ, ਰਿਸਰਚ ਐਂਡ ਪ੍ਰੈਕਟਿਸ ਮੁੰਬਈ ਦੇ ਵਿਜੀਟਿੰਗ ਵਿਗਿਆਨੀ ਡਾਕਟਰ ਐੱਚ. ਐੱਸ. ਪਾਲੇਪ ਕਹਿੰਦੇ ਹਨ ਕਿ ਆਯੁਰਵੈਦ 'ਚ ਹਰੜ ਦੀ ਵਰਤੋਂ ਇਸ ਦੇ ਐਂਟੀ-ਇਨਫਲੇਮੇਟਰੀ, ਐਨਲਜੇਸਿਕ ਅਤੇ ਐਂਟੀ ਬਾਇਓਟਿਕ ਤੱਤਾਂ ਕਾਰਨ ਕੀਤੀ ਜਾਂਦੀ ਹੈ। ਹਰੜ ਨੂੰ ਆਮਲਾ ਕੈਂਡੀ ਨਾਲ ਵੀ ਖਾਧਾ ਜਾ ਸਕਦਾ ਹੈ।3) ਅਜਵਾਇਨ ਦਾ ਚੂਰਨ- 20 ਗ੍ਰਾਮ



4) ਮੇਥੀ-ਦਾਣੇ ਦਾ ਚੂਰਨ- 20 ਗ੍ਰਾਮ

5) ਸੁੰਡ ਦਾ ਚੂਰਨ- 20 ਗ੍ਰਾਮ

**ਜਾਣੋ ਬਣਾਉਣ ਦੀ ਵਿਧੀ**

ਸਭ ਤੋਂ ਪਹਿਲਾਂ ਹਰੜ ਨੂੰ ਅਰੰਡੀ ਦੇ ਤੇਲ 'ਚ ਭੁੰਨ ਲਵੋ। ਇਸ ਤੋਂ ਬਾਅਦ ਭੁੰਨੀ ਹੋਈ ਹਰੜ ਦਾ ਚੂਰਨ ਬਣਾ ਕੇ ਇਸ 'ਚ 20 ਗ੍ਰਾਮ ਅਜਵਾਇਨ ਦਾ ਚੂਰਨ, 20 ਗ੍ਰਾਮ ਮੇਥੀ-ਦਾਣੇ ਦਾ ਚੂਰਨ ਅਤੇ 20 ਗ੍ਰਾਮ ਸੁੰਡ ਦਾ ਚੂਰਨ ਪਾ ਕੇ ਮਿਕਸ ਕਰਕੇ ਕਿਸੇ ਕੱਚ ਦੇ ਭਾਂਡੇ 'ਚ ਰੱਖ ਲਵੋ।

**ਇੰਝ ਕਰੋ ਇਸਤੇਮਾਲ**

ਰਾਤ ਨੂੰ ਸੌਣ ਤੋਂ ਪਹਿਲਾਂ ਇਸ ਮਿਸ਼ਰਣ ਦਾ 1 ਚਮਚ ਗੁਨਗੁਨੇ ਪਾਣੀ ਨਾਲ ਸੇਵਨ ਕਰਨ ਨਾਲ ਤੁਹਾਨੂੰ 2-3 ਦਿਨਾਂ 'ਚ ਹੀ ਨਤੀਜਾ ਦਿੱਸਣਾ ਸ਼ੁਰੂ ਹੋ ਜਾਵੇਗਾ। ਜੇਕਰ ਤੁਸੀਂ 3-4 ਮਹੀਨਿਆਂ ਤੱਕ ਇਸ ਦਾ ਸੇਵਨ ਕਰੋਗੇ ਤਾਂ ਤੁਹਾਡੀ ਪਾਚਣ-ਤੰਤਰ ਬਿਲਕੁਲ ਸੁਧਰ ਜਾਵੇਗੀ ਅਤੇ ਤੁਹਾਡੀਆਂ ਆਂਤੜੀਆਂ 'ਚ ਜੰਮਿਆ ਹੋਇਆ ਮਲ ਪੂਰੀ ਤਰਾਂ ਸਾਫ ਹੋ ਕੇ ਤੁਹਾਨੂੰ ਕਈ ਰੋਗਾਂ ਤੋਂ ਬਚਾਏਗਾ।

# ਕਵਿਤਾਵਾਂ

## ਫੂਕ

ਜਦ ਫੂਕ ਨਿਕਲ ਜਾਏ ਜ਼ਿੰਦਗੀ ਦੀ,
ਤਦ ਫੂਕ ਫੂਕ ਪੱਬ ਧਰਦੀ ਹੈ,
ਰਹਿੰਦੇ ਸਾਹਾਂ ਨੂੰ ਜੀਵਣ ਲਈ,
ਪਲ ਪਲ ਤਰਲੇ ਕਰਦੀ ਹੈ।

ਕਦੀ ਫੂਕਾਂ ਦਿੱਤੀਆਂ ਹੋਰਾਂ ਨੂੰ,
'ਤੇ ਖ਼ੁਦ ਵੀ ਫੂਕਾਂ ਛਕੀਆਂ ਸਨ,
ਅੰਤ ਕੌੜੀਆਂ ਮਿੱਠੀਆਂ ਯਾਦਾਂ ਦੀ,
ਕੰਧ ਜਿਹੀ ਆ ਖੜ੍ਹਦੀ ਹੈ।

ਕਦੀ ਅੱਲੇ ਜ਼ਖ਼ਮਾਂ ਦੇ ਉੱਤੇ,
ਫੂਕਾਂ ਦੇ ਫੈਹੇ ਮਰਹਮ ਬਣੇਂ,
ਕਦੀ ਜ਼ਖ਼ਮਾਂ ਤੋਂ ਨਾਸੂਰਾਂ ਤੱਕ,
ਨਾ ਮਿਲਿਆ ਕੋਈ ਵੀ ਦਰਦੀ ਹੈ।

ਕਈ ਵਲਵਲੇ ਪਣਪੇ ਦਿਨ ਰਾਤੀ,
ਕਈ ਪਣਪਦਿਆਂ ਹੀ ਫੂਕੇ ਗਏ,
ਕਦੀ ਵਿਲਕਦੇ ਵਲਵਲਿਆਂ ਦੇ ਉੱਤੇ,
ਹਾਲੇ ਵੀ ਟੇਕਾਂ ਧਰਦੀ ਹੈ।

ਕਈ ਬੁਝਦੇ ਹੋਏ ਅੰਗਿਆਰਾਂ ਨੂੰ,
ਫੂਕਾਂ ਹੀ ਫੂਕਾਂ ਦਿੰਦੀਆਂ ਨੇ,
ਪਰ ਅੰਤ ਬੇਚਾਰੀ ਰਾਖ਼ ਜਿਹੀ,
ਜ਼ਰਾ ਵੀ ਫੂਕ ਨਾ ਜਰਦੀ ਹੈ।

ਸਰਾਪੀ ਫੂਕਾਂ ਦੇ ਵਾਰਾਂ ਨਾਲ਼,
ਕਦੀ ਲੋਹਾ ਲੈਣਾ ਪੈਂਦਾ ਹੈ,
ਪਰ ਕਦੀ ਨਿਮਾਣੀ ਜਿੰਦ ਕੋਈ,
ਝਿੜਕਾਂ ਨਾਲ਼ ਵੀ ਮਰਦੀ ਹੈ।

ਬੱਸ ਖਿੰਡ ਜਾਵੇ 'ਤੇ ਪੁੰਡ ਜਾਵੇ,
ਫੂਕ ਦਾ ਕੋਈ ਵਜੂਦ ਨਹੀਂ,
ਪਰ ਟਿਕਾਣੇ ਲੱਗੀ ਫੂਕ ਕਦੀ,
ਅੰਮ੍ਰਿਤ ਬਣ ਕੇ ਵੀ ਵਰ੍ਹਦੀ ਹੈ।



**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ ਯੂ ਕੇ**


GARCHA Plumbing
Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber

ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha
604-306-3276
Big Or Small, We Do It All



SINGH THIND & ASSOCIATES
#208, 7110 120 Street, Surrey, BC

"ਆਪਣੇ ਭਾਈਚਾਰੇ ਦਾ ਮਾਣ"


*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ

Civil Litigation
*Contract Disputes
*Construction Disputes
*Debt Collection
*Business Disputes
*Builders Lien

Divorce Cases

Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution

Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits




604.543.3886

SINGH THIND
& ASSOCIATES
BARRISTERS & SOLICITORS

# FRASERVIEW MEATS

Fresh tastes better

*The Name of Guaranteed Quality Meats*



*Number One Quality Meat in Lower Mainland*

We also sell cooked chicken We take orders for all occassion

Serving You Since 1993

Try our Special Chicken Tikkar



Jagir S. Nagra

**604-592-2900**

#102-12047-80th Ave. Surrey (Besides Mega Fruticana)

www.fraserviewmeats.com



# Rai Express Lines Ltd.



# Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

**Call today 604-503-6900**

Email-kal@raiexpresslines.com www. raiexpressline.com

Unit 125-7475 135th Street, BC V3W 0M8



ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

# ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ 150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਊ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

**778-928-4522, 778-565-4141, 778-565-3232**


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
Special Sale 3 PCS Set $1150
2 PCS SOFA & LOVE SEAT $1550
2 PCS SOFA & LOVE SEAT $1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



-29 ਮਾਰਚ ਦਿਨ ਸ਼ੁਕਰਵਾਰ ਸਵੇਰੇ 11 ਵਜ਼ੇ ਸ. ਲੈਂਬਰ ਸਿੰਘ ਬਿੰਦਰਾ ਜੀ ਦੀ ਬੇਟੀ ਦੇ ਅਨੰਦ ਕਾਰਜ਼ ਮੇਨ ਦਰਬਾਰ ਵਿੱਚ

-29 ਮਾਰਚ ਅਰੰਭ ਅਖੰਡਪਾਠ ਸਾਹਿਬ ਫਰੀਦਕੋਟ ਟਰਾਂਸਪੋਰਟ ਐਬਟਸਫੋਰਡ ਵੱਲੋਂ ਸਵੇਰੇ 10 ਵਜ਼ੇ

29 ਮਾਰਚ ਅਰੰਭ ਅਖੰਡਪਾਠ ਸਾਹਿਬ ਪਿੰਡ ਬਤਾਲਾ ਦੀ ਸੰਗਤ ਵੱਲੋਂ ਭਾਈ ਪੱਲਾ ਜੀ ਦੀ ਯਾਦ ਵਿੱਚ ਸਵੇਰੇ 10 ਵਜ਼ੇ

-30 ਮਾਰਚ ਨੂੰ ਸ਼ਾਮ ਦੇ ਲੰਗਰ ਦੀ ਸੇਵਾ ਸੰਦੀਪ ਸਿੰਘ ਧਾਲੀਵਾਲ ਅਤੇ ਸ਼ਿੰਗਾਰਾ ਸਿੰਘ ਧਾਲੀਵਾਲ

-31 ਮਾਰਚ ਨੂੰ ਸਹਿਜ ਪਾਠ ਦੇ ਭੋਗ ਭਾਈ ਪਰਮਿੰਦਰ ਸਿੰਘ ਜੀ ਦੇ ਗ੍ਰਹਿ ਵਿਖੇ

-31 ਮਾਰਚ ਨੂੰ ਸੁਖਮਨੀ ਸਾਹਿਬ ਦੇ ਪਾਠ ਭਾਈ ਗੁਰਲਾਲ ਸਿੰਘ ਸੰਧੂ ਅਤੇ ਸਮੂੰਹ ਪ੍ਰੀਵਾਰ ਵੱਲੋਂ ਗੈਲਰੀ ਵਿੱਚ ਸਵੇਰੇ 11 ਵਜ਼ੇ

**ਬੁੱਧਵਾਰ ਅਤੇ ਐਤਵਾਰ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਬੀਬੀਆਂ ਵੱਲੋਂ ਮੇਨ ਹਾਲ ਵਿਚ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕੀਤੇ ਜਾਂਦੇ ਹਨ ਅਤੇ ਸੋਮਵਾਰ ਤੋਂ ਸ਼ੁੱਕਰਵਾਰ ਦੁਪਹਿਰ 1 ਵਜੇ ਤੋਂ 3 ਵਜੇ ਤੱਕ ਵਾਹਿਗੁਰੂ ਸਿਮਰਨ ਕੀਤਾ ਜਾਂਦਾ ਹੈ**

## ਸਵੇਰ ਦੇ ਨਿਤਨੇਮ

*ਪ੍ਰਕਾਸ਼ ਸਵੇਰੇ 3.30 ਵਜੇ *ਸਿਮਰਨ ਸਵੇਰੇ 4 ਵਜੇ ਤੋਂ 5 ਵਜੇ ਤੱਕ

*5 ਬਾਣੀਆਂ ਦੇ ਨਿਤਨੇਮ 5 ਵਜੇ ਤੋਂ 6.30 ਵਜੇ ਤੱਕ

*ਕੀਰਤਨ ਆਸਾ ਦੀ ਵਾਰ 6.30 ਤੋਂ 8 ਵਜੇ ਤੱਕ

*ਕਥਾ 8 ਵਜੇ ਤੋਂ 9 ਵਜੇ ਤੱਕ ਉਪਰੰਤ ਅਰਦਾਸ ਅਤੇ ਸਮਾਪਤੀ

## ਸ਼ਾਮ ਦੇ ਨਿਤਨੇਮ

*ਸ਼ਬਦ ਕੀਰਤਨ 2.45 ਤੋਂ 3.45 ਤੱਕ *ਸੋ-ਦਰ ਚੌਂਕੀ 3.45 ਤੋਂ 4.45 ਤੱਕ

*ਪਾਠ ਸ੍ਰੀ ਰਹਿਰਾਸ ਸਾਹਿਬ ਅਤੇ ਅਰਦਾਸ 4.45 ਤੋਂ 5.30

*ਆਰਤੀ ਚੌਂਕੀ 5.30 ਤੋਂ 6.15 *ਕਥਾ 6.15 ਤੋਂ 6.50 ਵਜੇ ਤੱਕ

*ਢਾਡੀ 6.50 ਤੋਂ 7.40 ਤੱਕ ਉਪਰੰਤ ਅਰਦਾਸ ਅਤੇ ਸਮਾਪਤੀ

## ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਗੁਰਇੰਦਰ ਸਿੰਘ ਜ਼ੀਰਾ ਵਾਲਿਆਂ ਦਾ ਜਥਾ, ਭਾਈ ਅਵਤਾਰ ਸਿੰਘ ਲੁਧਿਆਣਾ ਵਾਲੇ,
ਢਾਡੀ ਜਥਾ:ਭਾਈ ਮਨਪ੍ਰੀਤ ਸਿੰਘ ਅਕਾਲਗੜ




## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

**ਗੁਰਦੁਆਰਾ ਸਾਹਿਬ:604-504-5530**

ਬਲਵੀਰ ਸਿੰਘ ਬਨੈਤ (ਪ੍ਰਧਾਨ):604-636-4247, ਮਨਜੀਤ ਸਿੰਘ ਗਰੇਵਾਲ (ਜਨਰਲ ਸੈਕਟਰੀ):778-908-1570
ਭਾਈ ਹਰਜੀਤ ਸਿੰਘ (ਹੈੱਡ ਗ੍ਰੰਥੀ):778-201-5310, ਭਾਈ ਬਲਵਿੰਦਰ ਸਿੰਘ ਭੌਰਲਾ (ਗ੍ਰੰਥੀ), ਭਾਈ ਹੁਸ਼ਿਆਰ ਸਿੰਘ (ਗ੍ਰੰਥੀ)